# ਚੋਣ ਪ੍ਰਸ਼ਾਸਨ ਯੋਜਨਾ

*EC §4005(a)(10)(I)*


ਮਰਸਡ ਕਾਉਂਟੀ

ਵੋਟਰਾਂ ਦੇ ਰਜਿਸਟਰਾਰ

2222 M Street

ਮਰਸਡ, ਕੈਲੀਫੋਰਨੀਆ 95340

(209) 385-7541

elections@countyofmerced.com


Amended Draft July 2021

## ਪ੍ਰਸਤਾਵਨਾ

ਮਰਸਡ ਕਾਉਂਟੀ 19 ਅਪਰੈਲ, 1855 ਵਿੱਚ ਸਥਾਪਤ ਕੀਤੀ ਗਈ ਸੀ। ਮਰਸਡ ਕਾਉਂਟੀ ਕੈਲੀਫੋਰਨੀਆ ਦੀ ਸੈਂਟ੍ਰਲ ਵੈਲੀ ਵਿੱਚ ਸਥਿਤ ਹੈ, ਜੋ ਰਾਜ ਦਾ ਖੇਤੀ-ਬਾੜੀ ਦਾ ਕੇਂਦਰ ਹੈ। ਮਾਰਚ 2021 ਤੱਕ, ਇੱਥੋਂ ਦਾ ਵੋਟਰ ਰਜਿਸਟ੍ਰੇਸ਼ਨ 121,048 ਸੀ।

2002 ਵਿੱਚ, ਵੋਟਰਾਂ ਨੂੰ ਸਥਾਈ ਤੌਰ 'ਤੇ ਡਾਕ ਰਾਹੀਂ ਵੋਟ ਦੇਣ ਲਈ ਰਜਿਸਟਰ ਕਰਨ ਲਈ ਰਾਜ ਦੇ ਕਾਨੂੰਨ ਵਿੱਚ ਬਦਲਾਵ ਕੀਤਾ ਗਿਆ ਸੀ। ਉਦੋਂ ਤੋਂ, ਡਾਕ ਰਾਹੀਂ ਵੋਟ (Vote by Mail, VBM) ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ ਅਤੇ ਇਸ ਵੇਲੇ ਇਹ ਸੰਖਿਆ ਕਾਉਂਟੀ ਦੇ ਰਜਿਸਟਰਡ ਕਿਰਿਆਸ਼ੀਲ ਵੋਟਰਾਂ ਦਾ 77.45% ਹੈ।

2016 ਵਿੱਚ, ਸੈਨੇਟ ਬਿਲ 450 ਨੇ ਕੈਲੀਫੋਰਨੀਆ ਵੋਟਰਾਂ ਦੀ ਚੋਣ ਅਧਿਨਿਯਮ (Voter's Choice Act, VCA) ਦਾ ਨਿਰਮਾਣ ਕੀਤਾ। VCA ਮਾਡਲ ਦੇ ਤਹਿਤ, ਹਰੇਕ ਵੋਟਰ ਨੂੰ ਇੱਕ ਡਾਕ ਰਾਹੀਂ ਵੋਟ (VBM) ਬੈਲਟ ਪ੍ਰਾਪਤ ਹੋਵੇਗਾ ਅਤੇ ਵੋਟ ਪਾਉਣ ਵਿੱਚ ਸਹਾਇਤਾ ਕਰਨ ਵਾਲੇ ਕੇਂਦਰ ਪਰੰਪਰਾਗਤ ਪੋਲਿੰਗ ਸਥਾਨਾਂ ਦੀ ਥਾਂ ਲੈ ਲੈਣਗੇ। VCA ਚੋਣ ਮਾਡਲ ਮਰਸੀਡ ਕਾਉਂਟੀ ਲਈ 2022 ਦੀਆਂ ਚੋਣਾਂ ਤੋਂ ਸ਼ੁਰੂ ਕਰਦਿਆਂ ਹੋਇਆਂ ਪਰਭਾਵੀ ਹੋਵੇਗਾ। ਹੋਰ ਕਾਉਂਟੀਆਂ ਨੇ VCA ਮਾਡਲ ਨੂੰ 2018 ਤੋਂ ਲਾਗੂ ਕਰ ਦਿੱਤਾ ਹੈ।

ਮਰਸਡ ਕਾਉਂਟੀ ਨੇ ਸਾਡੇ ਭਾਈਚਾਰੇ ਦੇ ਨਾਲ ਸਹਿਯੋਗ ਵਿੱਚ ਅਤੇ ਹੋਰ VCA ਕਾਉਂਟੀਆਂ ਅਤੇ ਕੈਲੀਫੋਰਨੀਆ ਦੇ ਸੈਕ੍ਰੇਟਰੀ ਔਫ਼ ਸਟੇਟ ਦੇ ਦਫ਼ਤਰ ਤੋਂ ਸਿੱਖੇ ਗਏ ਪਾਠ ਅਤੇ ਮਾਰਗਦਰਸ਼ਨ ਦੀ ਵਰਤੋਂ ਕਰਕੇ ਇੱਕ ਚੋਣ ਪ੍ਰਸ਼ਾਸਨ ਯੋਜਨਾ (Election Administration Plan, EAP) ਤਿਆਰ ਕੀਤੀ ਹੈ। ਸਾਡਾ EAP ਦੱਸਦਾ ਹੈ ਕਿ ਅਸੀਂ VCA ਮਾਡਲ ਦੇ ਨਾਲ ਆਉਣ ਵਾਲੀਆਂ ਚੋਣਾਂ ਬਾਰੇ ਜਨਤਾ ਨੂੰ ਜਾਗਰੂਕ ਕਰਨ ਦੀ ਯੋਜਨਾ ਕਿਵੇਂ ਬਣਾਉਂਦੇ ਹਾਂ। ਇਸ ਵਿਚ ਸਾਡੇ ਪ੍ਰਸਤਾਵਿਤ ਵੋਟਿੰਗ ਸਹਾਇਤਾ ਕੇਂਦਰਾਂ ਅਤੇ ਬੈਲਟ ਡ੍ਰੌਪ-ਔਫ਼ ਸਥਾਨਾਂ ਅਤੇ ਉਹ ਕਿਵੇਂ ਕੰਮ ਕਰਨਗੇ, ਬਾਰੇ ਜਾਣਕਾਰੀ ਸ਼ਾਮਲ ਹੈ। ਇਸ ਯੋਜਨਾ ਵਿੱਚ ਹਰੇਕ ਕਿਰਿਆਸ਼ੀਲ ਰਜਿਸਟਰਡ ਵੋਟਰ ਨੂੰ ਡਾਕ ਰਾਹੀਂ ਇੱਕ ਬੈਲਟ ਭੇਜਣਾ ਵੀ ਸ਼ਾਮਲ ਹੈ। ਇਸ ਤੋਂ ਇਲਾਵਾ, ਯੋਜਨਾ ਵਿੱਚ ਵਿਅਕਤੀਗਤ ਤੌਰ ਤੇ ਜਾਕੇ ਵੋਟ ਪਾਉਣ ਵਾਲੀਆਂ ਥਾਵਾਂ, ਬਜਟ ਅਤੇ ਆਉਟਰੀਚ ਅਤੇ ਮੀਡੀਆ ਲਈ ਰਣਨੀਤੀ, ਸਿਹਤ ਅਤੇ ਸੁਰੱਖਿਆ ਦੇ ਉਪਾਅ ਕੀਤੇ ਜਾਣ ਦੀ ਸੂਚੀ, ਅਤੇ ਅੰਗ੍ਰੇਜ਼ੀ ਵਿੱਚ ਸੀਮਤ ਨਿਪੁੰਨਤਾ ਵਾਲੇ ਵੋਟਰਾਂ ਨੂੰ ਅਤੇ ਅਪਾਹਜ ਲੋਕਾਂ ਨੂੰ ਸ਼ਾਮਲ ਕਰਨ ਦੀ ਰਣਨੀਤੀ ਸ਼ਾਮਲ ਹੈ। ਸਾਡਾ ਉਦੇਸ਼ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ ਕਿ ਕਿਵੇਂ ਸਾਡਾ ਦਫ਼ਤਰ ਭਵਿੱਖ ਦੀਆਂ ਚੋਣਾਂ ਦਾ ਪ੍ਰਬੰਧਨ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਯੋਜਨਾ ਨੂੰ ਟਿੱਪਣੀ ਲਈ ਸੈਕ੍ਰੇਟਰੀ ਔਫ਼ ਸਟੇਟ (Secretary of State, SOS) ਦੇ ਦਫ਼ਤਰ ਵਿੱਚ ਭੇਜਿਆ ਜਾਏਗਾ। SOS ਇਸ ਯੋਜਨਾ ਦੀ ਸਿੱਖਿਆ ਅਤੇ ਆਉਟਰੀਚ ਦੇ ਹਿੱਸੇ ਦੀ ਸਮੀਖਿਆ ਅਤੇ ਪ੍ਰਵਾਨਗੀ ਲਈ ਜ਼ਿੰਮੇਵਾਰ ਹੈ। ਹਾਲਾਂਕਿ, ਇਸ ਯੋਜਨਾ ਲਈ ਫੀਡਬੈਕ ਅਤੇ ਸਿਫਾਰਿਸ਼ਾਂ ਅਤੇ ਭਵਿੱਖ ਵਿੱਚ ਜਨਤਾ ਦੁਆਰਾ ਮਰਸੀਡ ਕਾਉਂਟੀ ਵੋਟਰਾਂ ਦੇ ਰਜਿਸਟਰਾਰ ਦੁਆਰਾ ਕੀਤੇ ਗਏ ਯਤਨਾਂ ਨੂੰ ਕਿਸੇ ਵੀ ਸਮੇਂ ਸਵੀਕਾਰ ਕੀਤਾ ਜਾਵੇਗਾ।

ਮਰਸਡ ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ (Registrar of Voters, ROV) ਚੋਣ ਪ੍ਰਣਾਲੀਆਂ ਅਤੇ ਸਾੱਫਟਵੇਅਰ (Election Systems and Software, ES&S) ਤੋਂ EVS ਵੋਟਿੰਗ ਪ੍ਰਣਾਲੀ ਦੀ ਅਸਰਦਾਰ ਤਰੀਕੇ ਨਾਲ ਵਰਤੋਂ ਕਰਨਗੇ। ਇਸ ਵਰਤੋਂ ਵਿੱਚ ਚੋਣ ਪ੍ਰਣਾਲੀਆਂ ਅਤੇ ਸਾੱਫਟਵੇਅਰ (ES&S), ExpressVote ਪਹੁੰਚਯੋਗ ਬੈਲਟ ਮਾਰਕਿੰਗ ਉਪਕਰਣ, DS200 ਟੈਬੁਲੇਟਰ, ਅਤੇ ES&S ਬੈਲੋਟਾਰ ਬੈਲਟ ਪ੍ਰਿੰਟਿੰਗ ਸਿਸਟਮ ਸ਼ਾਮਲ ਹੋਣਗੇ। ਮਰਸੀਡ ਕਾਉਂਟੀ ਉਨ੍ਹਾਂ ਲੋਕਾਂ ਲਈ DemocracyLive ਪਹੁੰਚਯੋਗ ਡਾਕ ਰਾਹੀਂ ਵੋਟ ਸਿਸਟਮ (Remote Accessible Vote by Mail System, RAVMB) ਤੱਕ ਪਹੁੰਚ ਵੀ ਉਪਲੱਬਧ ਕਰਵਾਏਗੀ, ਜੋ ਇੱਕ ਪਹੁੰਚਯੋਗ VBM ਬੈਲਟ ਲਈ ਬੇਨਤੀ ਕਰਦੇ ਹਨ।

## ਡਾਕ ਰਾਹੀਂ ਵੋਟ

ਸਾਰੇ ਕਿਰਿਆਸ਼ੀਲ ਵੋਟਰਾਂ ਨੂੰ ਚੋਣ ਵਾਲੇ ਦਿਨ ਤੋਂ 29 ਦਿਨ ਪਹਿਲਾਂ ਸ਼ੁਰੂ ਕਰਦਿਆਂ ਹੋਇਆਂ ਇੱਕ ਬੈਲਟ ਡਾਕ ਰਾਹੀਂ ਭੇਜਿਆ ਜਾਏਗਾ। ਵੋਟਰਾਂ ਨੂੰ ਡਾਕ-ਟਿਕਟ ਅਦਾ ਕੀਤਾ ਹੋਇਆ ਬੈਲਟ ਵਾਪਸੀ ਲਿਫਾਫਾ ਵੀ ਪ੍ਰਾਪਤ ਹੋਵੇਗਾ।

ਮਰਸਡ ਕਾਉਂਟੀ ਮੇਰਾ ਬੈਲਟ ਕਿਥੇ ਹੈ? ਪ੍ਰਦਾਨ ਕਰਵਾਏਗੀ, ਅਜਿਹਾ ਬੈਲਟ ਟ੍ਰੈਕਿੰਗ ਪ੍ਰੋਗਰਾਮ ਜੋ ਵੋਟਰਾਂ ਨੂੰ ਉਨ੍ਹਾਂ ਦੇ ਬੈਲਟ ਦੀ ਸਪੁਰਦਗੀ ਸਥਿਤੀ ਬਾਰੇ ਅਪਡੇਟ ਪ੍ਰਾਪਤ ਕਰਨ ਦੇਵੇਗਾ ਜਦੋਂਕਿ ਇਹ ਡਾਕ ਰਾਹੀਂ ਅਤੇ ਮਰਸੀਡ ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਦੁਆਰਾ ਪ੍ਰਕਿਰਿਆ ਕੀਤੇ ਜਾਣ ਦੇ ਦੌਰਾਨ ਅੱਗੇ ਵਧਦਾ ਹੈ। ਸਾਈਨ-ਅਪ ਕਰਨ ਵਾਲੇ ਵੋਟਰ ਆਪਣੇ ਬੈਲਟ ਬਾਰੇ ਆਟੋਮੈਟਿਕ ਈਮੇਲਾਂ, SMS (ਟੈਕਸਟ), ਜਾਂ ਵੌਇਸ ਕਾੱਲ ਨੋਟੀਫਿਕੇਸ਼ਨ ਪ੍ਰਾਪਤ ਕਰ ਸਕਦੇ ਹਨ। ਆਪਣੇ VBM ਨੂੰ ਟ੍ਰੈਕ ਕਰਨਾ ਜਦੋਂ ਕਿ ਉਹ ਮੇਲ ਕੀਤਾ ਜਾਂਦਾ ਹੈ, ਪ੍ਰਾਪਤ ਕੀਤਾ ਜਾਂਦਾ ਹੈ, ਅਤੇ ਗਿਣਿਆ ਜਾਂਦਾ ਹੈ ਇੰਨਾਂ ਸੌਖਾ ਕਦੇ ਵੀ ਨਹੀਂ ਸੀ। ਮੇਰਾ ਬੈਲਟ ਕਿਥੇ ਹੈ? ਇੱਕ ਸੁਰੱਖਿਅਤ ਸਾਫ਼ਟਵੇਅਰ ਐਪਲੀਕੇਸ਼ਨ ਹੈ ਜੋ ਬੈਲਟ ਦੇ ਲਿਫਾਫਿਆਂ ਦਾ ਪਤਾ ਲਗਾਉਂਦਾ ਹੈ। ਇਹ ਸਿਸਟਮ ਚੋਣ ਅਧਿਕਾਰੀਆਂ ਅਤੇ ਅਮਰੀਕੀ ਡਾਕ ਸੇਵਾ (U.S. Postal Service, USPS) ਨਾਲ ਵੋਟਰ ਨੂੰ ਸੰਦੇਸ਼ ਭੇਜਣ ਦਾ ਕੰਮ ਕਰਦਾ ਹੈ ਜਦੋਂਕਿ ਉਨ੍ਹਾਂ ਦੀ ਬੈਲਟ ਪ੍ਰਾਪਤ ਹੋ ਜਾਂਦੀ ਹੈ।

ਪੂਰੀ VBM ਪ੍ਰਕਿਰਿਆ ਵਿੱਚ ਪਾਰਦਰਸ਼ਤਾ ਵਧਾਉਣ ਲਈ, ਮਰਸੀਡ ਕਾਉਂਟੀ ਇੰਟੈਲੀਜੈਂਟ ਮੇਲ ਬਾਰਕੋਡਸ (Intelligent Mail barcodes, IMb) ਦੀ ਵਰਤੋਂ ਕਰੇਗੀ। ਇਹ ਇੱਕ 65-ਬਾਰ USPS ਬਾਰਕੋਡ ਹੁੰਦਾ ਹੈ ਜੋ ਡਾਕ ਦੀ ਛਟਾਈ ਕਰਨ ਅਤੇ ਉਸਨੂੰ ਟ੍ਰੈਕ ਕਰਨ ਲਈ ਵਰਤਿਆ ਜਾਂਦਾ ਹੈ। ਇਸਦੀ ਵਰਤੋਂ ਡਾਕ ਦੇ ਸਿਸਟਮ ਵਿੱਚ ਆਪਣੀ ਯਾਤਰਾ ਦੌਰਾਨ ਵੱਖ-ਵੱਖ ਡਾਕ ਦੇ ਹਿੱਸਿਆਂ ਦਾ ਪਤਾ ਲਗਾਉਣ ਲਈ ਕੀਤੀ ਜਾ ਸਕਦੀ ਹੈ। ਇਹ IMb ਲਿਫਾਫੇ 'ਤੇ ਪ੍ਰਿੰਟ ਹੁੰਦਾ ਹੈ ਅਤੇ ਇਹ ਪੱਕਾ ਕਰਨ ਵਿੱਚ ਮਦਦ ਕਰਦਾ ਹੈ ਕਿ ਮੇਲਿੰਗ ਸਹੀ ਤਰੀਕੇ ਨਾਲ ਮੇਲਬੌਕਸ ਤੱਕ ਪਹੁੰਚ ਜਾਏ। IMb ਸੁਰੱਖਿਆ ਨੂੰ ਬਿਹਤਰ ਬਣਾਉਂਦੇ ਹੋਏ ਗਾਹਕ ਸੇਵਾ ਦੇ ਉੱਚਤਮ ਪੱਧਰ ਪ੍ਰਦਾਨ ਕਰਦਾ ਹੈ।

## ਵੋਟ ਪਾਉਣ ਦੀਆਂ ਥਾਂਵਾਂ ਅਤੇ ਘੰਟੇ

ਵੋਟਿੰਗ ਸਹਾਇਤਾ ਕੇਂਦਰ (Voting Assistance Centers, VAC) ਉੱਚ ਪੱਧਰੀ ਸੇਵਾ ਪ੍ਰਦਾਨ ਕਰਨਗੇ ਅਤੇ ਸ਼ਨੀਵਾਰ-ਐਤਵਾਰ ਸਮੇਤ 11 ਦਿਨਾਂ (ਚੋਣ ਦਿਨ ਅਤੇ ਚੋਣ ਦਿਨ ਤੋਂ 10 ਦਿਨ ਪਹਿਲਾਂ) ਜਾਂ 4 ਦਿਨ (ਚੋਣ ਦਿਨ ਅਤੇ ਚੋਣ ਦਿਨ ਤੋਂ 3 ਦਿਨ ਪਹਿਲਾਂ) ਖੁੱਲ੍ਹੇ ਰਹਿਣਗੇ। ਹਰੇਕ 10,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ ਵਿਅਕਤੀਗਤ ਵੋਟ ਪਾਉਣ ਦੀ ਥਾਂ ਹੋਣ ਦੀ ਲੋੜ ਹੈ ਜੋ ਕੁੱਲ 13 ਚਾਰ ਦਿਨਾਂ VAC ਅਤੇ 3 ਗਿਆਰਾਂ ਦਿਨਾਂ ਦੇ VAC ਲਈ ਅਨੁਮਾਨਿਤ ਹੈ।

ਵੋਟਿੰਗ ਸਹਾਇਤਾ ਕੇਂਦਰਾਂ ਅਤੇ ਬੈਲਟ ਡ੍ਰੌਪ-ਬੌਕਸਾਂ ਲਈ ਥਾਂਵਾਂ ਦੀ ਚੋਣ ਕਰਨ ਲਈ ਮੁਲਾਂਕਣ ਕੀਤੇ ਗਏ ਵਿਚਾਰਾਂ ਵਿੱਚ ਜਨਤਕ ਆਵਾਜਾਈ ਦੀ ਉਪਲਬਧਤਾ, ਮੇਲ ਦੀ ਵਰਤੋਂ ਦੁਆਰਾ ਇਤਿਹਾਸਕ ਤੌਰ ਤੇ ਘੱਟ ਵੋਟ ਪਾਉਣ ਵਾਲੇ ਭਾਈਚਾਰੇ, ਆਬਾਦੀ ਕੇਂਦਰ, ਘੱਟ ਆਮਦਨ ਵਾਲੇ ਭਾਈਚਾਰੇ, ਭਾਸ਼ਾ ਦੀ ਘੱਟ ਗਿਣਤੀ ਵਾਲੇ ਭਾਈਚਾਰੇ, ਅਪਾਹਜ ਵੋਟਰ, ਘਰਾਂ ਅਤੇ ਗੱਡੀਆਂ ਦੀ ਘੱਟ ਮਲਕੀਅਤ ਦਰਾਂ ਵਾਲੇ ਭਾਈਚਾਰੇ, ਯੋਗ ਵੋਟਰਾਂ ਵਾਲੇ ਭਾਈਚਾਰੇ ਜੋ ਵੋਟ ਪਾਉਣ ਲਈ ਰਜਿਸਟਰਡ ਨਹੀਂ ਹਨ ਅਤੇ ਉਸੇ ਦਿਨ ਵੋਟਰ ਰਜਿਸਟ੍ਰੇਸ਼ਨ, ਭੂਗੋਲਿਕ ਤੌਰ 'ਤੇ ਅਲੱਗ-ਥਲੱਗ ਅਬਾਦੀ, VAC ਤੱਕ ਪਹੁੰਚ ਅਤੇ ਮੁਫ਼ਤ ਪਾਰਕਿੰਗ, ਦੂਰੀ ਅਤੇ ਸਮਾਂ, ਜਿਸ ਲਈ ਕਿਸੇ ਵੋਟਰ ਨੂੰ ਕਾਰ ਜਾਂ ਜਨਤਕ ਟ੍ਰਾਂਸਪੋਰਟ ਦੁਆਰਾ ਕਿਸੇ VAC ਤਕ ਯਾਤਰਾ ਕਰਨੀ ਪੈਂਦੀ ਹੈ, ਅਪਾਹਜ ਵੋਟਰਾਂ ਲਈ ਵਿਕਲਪੀ ਤਰੀਕਾ, ਟ੍ਰੈਫਿਕ ਪੈਟਰਨ ਅਤੇ ਮੋਬਾਈਲ VAC ਦੀ ਜ਼ਰੂਰਤ ਸ਼ਾਮਲ ਹਨ। ਅਸੀਂ ਆਪਣੇ ਵੋਟਿੰਗ ਸਹਾਇਤਾ ਕੇਂਦਰਾਂ ਅਤੇ ਡ੍ਰੌਪ-ਬੌਕਸਾਂ ਲਈ ਸਭ ਤੋਂ ਵਧੀਆ ਥਾਂਵਾਂ ਦੀ ਚੋਣ ਕਰਨ ਲਈ ਖੇਤਰਾਂ ਦੇ ਆਪਣੇ ਗਿਆਨ ਦੀ ਵਰਤੋਂ ਕੀਤੀ ਹੈ। ਮਰਸੀਡ ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ ਵੱਖ ਵੱਖ ਹਿੱਸੇਦਾਰਾਂ, ਦਿਲਚਸਪੀ ਵਾਲੇ ਸਮੂਹਾਂ ਅਤੇ ਭਾਈਚਾਰੇ ਦੇ ਮੈਂਬਰਾਂ ਸਮੇਤ ਸਾਡੀ ਭਾਸ਼ਾ ਅਤੇ ਅਪਾਹਜ ਭਾਈਚਾਰਿਆਂ ਤੋਂ ਫੀਡਬੈਕ ਦੀ ਮੰਗ ਕਰਨਗੇ।

ਵੋਟਿੰਗ ਸਹਾਇਤਾ ਕੇਂਦਰਾਂ ਵਿੱਚ ਪਰੰਪਰਾਗਤ ਪੋਲਿੰਗ ਦੀਆਂ ਥਾਂਵਾਂ ਤੋਂ ਵਧੇਰੇ ਸੇਵਾਵਾਂ ਮੁਹੱਈਆ ਕੀਤੀਆਂ ਜਾਣਗੀਆਂ। ਮਰਸਡ ਕਾਉਂਟੀ ਦਾ ਵੋਟਰ ਕਾਉਂਟੀ ਵਿੱਚ ਬਣੇ ਕਿਸੇ ਵੀ ਵੋਟਿੰਗ ਸਹਾਇਤਾ ਕੇਂਦਰ ਵਿੱਚ ਜਾ ਸਕੇਗਾ ਅਤੇ ਸੇਵਾਵਾਂ ਪ੍ਰਾਪਤ ਕਰ ਸਕੇਗਾ। ਕੋਈ ਵੋਟਰ ਇੱਕ ਨਵਾਂ ਡਾਕ ਰਾਹੀਂ ਵੋਟ ਬੈਲਟ ਅਤੇ ਬੈਲਟ ਵਾਪਸੀ ਦੇ ਲਿਫ਼ਾਫ਼ਾ ਪ੍ਰਾਪਤ ਕਰ ਸਕੇਗਾ/ਗੀ, ਵੋਟ ਪਾਏ ਗਏ ਡਾਕ ਰਾਹੀਂ ਵੋਟ ਬੈਲਟ (VBM) ਨੂੰ ਡ੍ਰੌਪ ਕਰ ਸਕੇਗਾ/ਗੀ, ਭਾਸ਼ਾ ਸਹਾਇਤਾ ਪ੍ਰਾਪਤ ਕਰ ਸਕੇਗਾ/ਗੀ, ADA ਪਹੁੰਚਯੋਗ ਉਪਕਰਣ ਦੀ ਵਰਤੋਂ ਕਰਦਿਆਂ ਬੈਲਟ 'ਤੇ ਨਿਸ਼ਾਨ ਲਗਾ ਸਕੇਗਾ/ਗੀ, ਵੋਟ ਪਾਉਣ ਲਈ ਰਜਿਸਟਰ ਕਰ ਸਕੇਗਾ/ਗੀ ਅਤੇ ਵੋਟ ਪਾ ਸਕੇਗਾ/ਗੀ ਜਾਂ ਇੱਕ ਆਰਜ਼ੀ ਬੈਲਟ 'ਤੇ ਵੋਟ ਪਾ ਸਕੇਗਾ/ਗੀ।

ਵੋਟਿੰਗ ਸਹਾਇਤਾ ਕੇਂਦਰ ਦੇ ਸਟਾਫ਼ ਨੂੰ ਰਿਅਲ-ਟਾਈਮ ਵਿੱਚ VoteCal, ਰਾਜ ਵਿਆਪੀ ਵੋਟਰ ਰਜਿਸਟ੍ਰੇਸ਼ਨ ਡੇਟਾਬੇਸ ਅਤੇ ਕਾਉਂਟੀ ਦੀ ਚੋਣ ਪ੍ਰਬੰਧਨ ਪ੍ਰਣਾਲੀ ਤੱਕ ਪਹੁੰਚ ਪ੍ਰਾਪਤ ਹੋਵੇਗੀ ਜੋ ਉਨ੍ਹਾਂ ਨੂੰ ਹਰੇਕ ਵੋਟਰ ਦੀ ਸਥਿਤੀ ਨੂੰ ਵੇਖਣ ਅਤੇ ਅਪਡੇਟ ਕਰਨ ਦੇਵੇਗਾ। ਸੁਰੱਖਿਅਤ ਸੰਚਾਰ ਲਿੰਕ ਮਰਸੀਡ ਕਾਉਂਟੀ ਦੇ ਰਜਿਸਟਰਾਰ ਔਫ਼ ਵੋਟਰਾਂ ਦੁਆਰਾ ਪ੍ਰਦਾਨ ਕੀਤੇ ਜਾਣਗੇ। ਹਰੇਕ ਵੋਟਿੰਗ ਸਹਾਇਤਾ ਕੇਂਦਰ ਵਿੱਚ ਘੱਟੋ-ਘੱਟ ES&S ExpressVote ਪਹੁੰਚਯੋਗ ਬੈਲਟ ਮਾਰਕਿੰਗ ਮਸ਼ੀਨਾਂ ਦੇ ਨਾਲ ਨਾਲ ਬਹੁਤ ਸਾਰੇ ਵੋਟਿੰਗ ਬੂਥ ਵੀ ਉਪਲਬਧ ਹੋਣਗੇ। ਇਹ ਸੁਨਿਸ਼ਚਿਤ ਕਰਨ ਲਈ ਕਿ ਅਸੀਂ ਹਰੇਕ ਵੋਟਰ ਨੂੰ ਸਹੀ ਬੈਲਟ ਪ੍ਰਦਾਨ ਕਰ ਸਕਦੇ ਹਾਂ, ਹਰੇਕ ਸਥਾਨ 'ਤੇ ਘੱਟੋ-ਘੱਟ ਇੱਕ ਬੈਲਟ ਔਨ ਡਿਮਾਂਡ (Ballot on Demand, BOD) ਪ੍ਰਿੰਟਰ ਮੌਜੂਦ ਹੋਵੇਗਾ। ਰੋਵਰਸ ਨੂੰ ਸਿਖਲਾਈ ਦਿੱਤੀ ਜਾਏਗੀ ਅਤੇ ਬੈਕਅਪ BOD ਪ੍ਰਿੰਟਰ ਨਾਲ ਲੈਸ ਕੀਤਾ ਜਾਏਗਾ, ਜੇ ਉਥੇ ਪ੍ਰਿੰਟਰ ਦੇ ਮੁੱਦੇ ਹੋਣ ਜਾਂ ਬੈਲਟ ਦੀ ਵਧੇਰੇ ਮਾਤਰਾ ਹੁੰਦੀ ਹੈ ਜਿਨ੍ਹਾਂ ਨੂੰ ਪ੍ਰਿੰਟਿੰਗ ਦੀ ਜ਼ਰੂਰਤ ਹੁੰਦੀ ਹੈ।

ਸੁਰੱਖਿਅਤ ਸਟੋਰੇਜ, ਛੇੜਛਾੜ ਕੀਤੇ ਜਾਣ ਦੀ ਗਵਾਹੀ ਵਾਲੀਆਂ ਸੀਲਾਂ ਅਤੇ ਕਸਟੱਡੀ ਦੀ ਨਿਗਰਾਨੀ ਕਰਨ ਦੀ ਕੜੀ ਚੇਨ ਸਮੇਤ ਤੈਅ ਪ੍ਰੋਟੋਕੋਲਾਂ ਰਾਹੀਂ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ।

ਚੋਣ ਵਾਲੇ ਸਟਾਫ਼ ਨੂੰ ਵੋਟਰਾਂ ਦੀ ਸਹਾਇਤਾ ਕਰਨ ਲਈ ਸਿਖਲਾਈ ਦਿੱਤੀ ਜਾਏਗੀ। ਕਾਉਂਟੀ ਅਜਿਹੇ ਚੋਣ ਵਰਕਰਾਂ ਦੀ ਭਰਤੀ ਕਰੇਗੀ ਜੋ ਸਪੈਨਿਸ਼, ਪੰਜਾਬੀ, ਹਮੌਂਗ, ਚੀਨੀ ਅਤੇ ਮੀਅਨ ਵਿੱਚ ਭਾਸ਼ਾ ਸਹਾਇਤਾ ਪ੍ਰਦਾਨ ਕਰਨਗੇ (ਚੋਣ ਕੋਡ §14201). ਵੋਟਿੰਗ ਸਹਾਇਤਾ ਕੇਂਦਰ ਦੀਆਂ ਸਾਰੀਆਂ ਥਾਂਵਾਂ 'ਤੇ ਪੰਜਾਬੀ, ਹਮੌਂਗ, ਚੀਨੀ ਅਤੇ ਮੀਅਨ ਵਿੱਚ ਉਚਿਤ ਸੰਕੇਤਾਂ ਅਤੇ ਪ੍ਰਤਿਕਿਰਤੀ ਬੈਲਟ ਉਪਲੱਬਧ ਹੋਣਗੇ। ਵੋਟਿੰਗ ਸਬੰਧੀ ਅਧਿਕਾਰ ਅਧਿਨਿਯਮ ਦੀ ਧਾਰਾ 203 ਦੇ ਅਨੁਸਾਰ ਵੋਟਿੰਗ ਨਾਲ ਸਬੰਧਿਤ ਸਾਰੀ ਸਮੱਗਰੀ ਅਤੇ ਬੈਲਟ ਅੰਗ੍ਰੇਜ਼ੀ ਅਤੇ ਸਪੈਨਿਸ਼ ਵਿੱਚ ਉਪਲੱਬਧ ਹੋਣਗੇ। ਇਸ ਤੋਂ ਇਲਾਵਾ, ਅਤੇ ਹੇਠਾਂ ਦਿੱਤੇ ਵੇਰਵੇ ਅਨੁਸਾਰ, ਹਰੇਕ ਕੇਂਦਰ ਨੂੰ ਬਹੁਭਾਸ਼ਾਈ ਵਰਚੁਅਲ ਪੋਲ ਵਰਕਰ (Multilingual Virtual Poll Worker , MVP) ਪ੍ਰਦਾਨ ਕੀਤਾ ਜਾਵੇਗਾ। ਵੋਟਰਾਂ ਨੂੰ ਉੱਚ ਕੁਆਲਿਟੀ ਦੇ ਦੁਭਾਸ਼ਿਏ ਪ੍ਰਦਾਨ ਕਰਨ ਦਾ ਇੱਕ ਤਰੀਕਾ MVP ਦੇ ਜ਼ਰੀਏ ਅਜਿਹਾ ਕੀਤਾ ਜਾਣਾ ਹੈ। MVP ਲਾਜ਼ਮੀ ਤੌਰ 'ਤੇ ਇੱਕ ਆਈਪੈਡ ਹੈ ਜੋ ਬਾਹਰੀ ਸਪੀਕਰ ਨਾਲ ਰੋਲਿੰਗ ਸਟੈਂਡ 'ਤੇ ਲਗਿਆ ਹੁੰਦਾ ਹੈ - ਵੋਟਰ ਦੀ ਮੂਲ ਭਾਸ਼ਾ ਵਿੱਚ ਰਿਅਲ-ਸਮੇਂ ਵਿੱਚ ਜਾਣਕਾਰੀ ਪ੍ਰਦਰਸ਼ਿਤ ਕਰਨ ਅਤੇ ਸੰਚਾਰਿਤ ਕਰਨ ਦਾ ਇਕ ਸੌਖਾ ਤਰੀਕਾ ਪ੍ਰਦਾਨ ਕਰਦਾ ਹੈ। ਇਹ ਵੀਡਿਓ ਰਿਮੋਟ ਵਿਆਖਿਆ ਦੇ ਨਾਲ ਇੱਕ ਕਿਫਾਇਤੀ ਕੀਮਤ ਲਈ ਭਾਸ਼ਾ ਤੱਕ ਪਹੁੰਚ ਦੇ ਮੁੱਦਿਆਂ ਦਾ ਵੀ ਸਮਾਧਾਨ ਕਰਦਾ ਹੈ। ਇੱਕ ਬਟਨ ਦੇ ਛੂਹਣ 'ਤੇ ਅਸੀਂ ਤੁਰੰਤ ਸੰਚਾਰ ਲਈ ਦੁਭਾਸ਼ੀਏ ਦੇ ਇੱਕ ਦੇਸ਼ ਵਿਆਪੀ ਨੈਟਵਰੱਕ ਤੱਕ ਤੁਰੰਤ ਪਹੁੰਚ ਹਾਸਲ ਕਰ ਸਕਦੇ ਹਾਂ।

ਐਗਜ਼ਿਬਿਟ A ਵਿੱਚ ਪ੍ਰਸਤਾਵਿਤ ਵੋਟਿੰਗ ਸਹਾਇਤਾ ਕੇਂਦਰਾਂ ਦੀ ਇੱਕ ਪੂਰੀ ਸੂਚੀ ਸ਼ਾਮਲ ਕੀਤੀ ਗਈ ਹੈ (ਵੋਟਿੰਗ ਸਹਾਇਤਾ ਕੇਂਦਰ ਦੇ ਸਥਾਨ ਬਦਲੇ ਜਾ ਸਕਦੇ ਹਨ।)

## ਡ੍ਰੌਪ-ਬੌਕਸ ਦੀਆਂ ਥਾਂਵਾਂ ਅਤੇ ਘੰਟੇ

ਹਰੇਕ 15,000 ਰਜਿਸਟਰਡ ਵੋਟਰਾਂ ਲਈ ਘੱਟੋ-ਘੱਟ ਇੱਕ (1) ਡ੍ਰੌਪ-ਬੌਕਸ ਹੋਣਾ ਜ਼ਰੂਰੀ ਹੈ, ਜਿੱਥੇ ਕਾਉਂਟੀ ਵਿੱਚ ਕੁੱਲ ਨੌਂ (9) ਅਧਿਕਾਰਤ ਬੈਲਟ ਡ੍ਰੌਪ-ਬੌਕਸ ਹੋਣ ਦਾ ਅਨੁਮਾਨ ਹੈ। ਇਹ ਸਾਰੇ ਡ੍ਰੌਪ-ਬੌਕਸ ਚੋਣਾਂ ਦੇ ਦਿਨ ਤੋਂ 28 ਦਿਨ ਪਹਿਲਾਂ ਉਪਲਬਧ ਹੋਣਗੇ ਅਤੇ ਹਰੇਕ ਸਬੰਧਤ ਥਾਂ ਦੇ ਨਿਯਮਿਤ ਕਾਰੋਬਾਰੀ ਘੰਟਿਆਂ ਦੌਰਾਨ ਖੁੱਲ੍ਹੇ ਹੋਣਗੇ। ਇਹ ਬੌਕਸ ਸੁਰੱਖਿਅਤ, ਪਹੁੰਚਣਯੋਗ ਅਤੇ ਪਛਾਣੇ ਜਾਣ ਵਿੱਚ ਆਸਾਨ ਹੋਣਗੇ। ਇੱਕ ਡ੍ਰਾਈਵ-ਅੱਪ ਅਤੇ ਇੱਕ ਵਾੱਕ-ਅੱਪ ਬੌਕਸ ਸੁਰੱਖਿਅਤ ਤੌਰ ਤੇ ਮਰਸੀਡ ਕਾਉਂਟੀ ਦੀ ਪ੍ਰਸ਼ਾਸਨ ਬਿਲਡਿੰਗ, 2222 M Street, ਮਰਸਡ, ਕੈਲੀਫੋਰਨੀਆ ਦੇ ਬਾਹਰ ਸਥਿਤ ਹੋਣਗੇ ਅਤੇ ਦਿਨ ਦੇ 24 ਘੰਟੇ ਉਪਲੱਬਧ ਹੋਣਗੇ।

ਵੋਟਰ ਆਪਣੇ ਦਸਤਖ਼ਤ ਕੀਤੇ ਹੋਏ ਲਿਫਾਫੇ ਨੂੰ ਕਾਉਂਟੀ ਵਿੱਚ ਉਪਲੱਬਧ ਬਹੁਤ ਸਾਰੇ ਸੁਰੱਖਿਅਤ ਡ੍ਰੌਪ ਬੌਕਸਾਂ ਵਿੱਚੋਂ ਕਿਸੇ ਇੱਕ ਵਿੱਚ ਜਮ੍ਹਾ ਕਰਨ ਦੇ ਯੋਗ ਹੋਣਗੇ। ਮਰਸੀਡ ਕਾਉਂਟੀ ਦੇ ਦੋ (2) ਬੈਲਟ ਪ੍ਰਾਪਤ ਕਰਨ ਵਾਲੇ ਵਿਅਕਤੀ ਲਾਜ਼ਮੀ ਨਿਰਧਾਰਤ ਸਮੇਂ 'ਤੇ ਬਕਸੇ ਤੋਂ ਬੈਲਟ ਇਕੱਤਰ ਕਰਨਗੇ।

ਐਗਜ਼ਿਬਿਟ B ਵਿੱਚ ਪ੍ਰਸਤਾਵਿਤ ਡ੍ਰੌਪ ਬੌਕਸ ਦੀਆਂ ਥਾਂਵਾਂ ਦੀ ਇੱਕ ਪੂਰੀ ਸੂਚੀ ਸ਼ਾਮਲ ਕੀਤੀ ਗਈ ਹੈ (ਡ੍ਰੌਪ ਬੌਕਸ ਦੇ ਸਥਾਨ ਬਦਲੇ ਜਾ ਸਕਦੇ ਹਨ।)

## ਬਜਟ ਅਤੇ ਆਰਥਿਕ ਪਰਭਾਵ

ਮਰਸਡ ਕਾਉਂਟੀ ਦਾ ਆਖਰੀ ਟੀਚਾ ਵੋਟਰ ਰਜਿਸਟ੍ਰੇਸ਼ਨ, ਭਾਗੀਦਾਰੀ ਅਤੇ ਮਤਦਾਨ ਵਿੱਚ ਵਾਧਾ ਕਰਨਾ ਹੈ। ਅਸੀਂ ਵੋਟਰਾਂ ਅਤੇ ਸੰਭਾਵੀ ਵੋਟਰਾਂ ਨੂੰ ਰਜਿਸਟ੍ਰੇਸ਼ਨ ਦੀਆਂ ਜਰੂਰਤਾਂ, ਡਾਕ ਰਾਹੀਂ ਵੋਟ ਅਤੇ ਵੋਟਿੰਗ ਸਹਾਇਤਾ ਕੇਂਦਰਾਂ ਬਾਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਜਾਣੂ ਅਤੇ ਜਾਗਰੂਕ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਇਸ ਟੀਚੇ ਨੂੰ ਹਾਸਲ ਕਰਨ ਲਈ, ਵਿਆਪਕ ਵੋਟਰ ਸਿੱਖਿਆ ਅਤੇ ਆਉਤਰੀਚ ਲੋੜੀਂਦੀ ਹੈ। ਬਜਟ ਵਿੱਚ ਟੈਲੀਵਿਜ਼ਨ, ਰੇਡੀਓ, ਪ੍ਰਿੰਟ, ਸੋਸ਼ਲ ਮੀਡੀਆ ਵਿੱਚ ਇਸ਼ਤਿਹਾਰ, ਸਮਾਰੋਹਾਂ ਵਿੱਚ ਸ਼ਮੂਲੀਅਤ ਦੇ ਨਾਲ ਨਾਲ ਰਜਿਸਟਰਡ ਵੋਟਰਾਂ ਨੂੰ ਮੇਲਿੰਗ ਲਈ ਪ੍ਰਿੰਟ ਕਰਨ ਅਤੇ ਡਾਕ-ਟਿਕਟ ਦੇ ਖਰਚੇ ਵੀ ਸ਼ਾਮਲ ਹਨ।

ਵੋਟਿੰਗ ਸਹਾਇਤਾ ਕੇਂਦਰ ਜ਼ਿਆਦਾ ਦੇਰ ਲਈ ਖੁੱਲ੍ਹੇ ਰਹਿਣਗੇ। ਹਾਲਾਂਕਿ, ਪੋਲ ਵਰਕਰਾਂ ਦੀ ਕੁੱਲ ਗਿਣਤੀ ਇੱਕ ਰਵਾਇਤੀ ਮਤਦਾਨ ਦੀ ਥਾਂ ਦੇ ਮਾੱਡਲ ਦੇ ਮੁਕਾਬਲੇ ਘੱਟ ਜਾਵੇਗੀ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਵੋਟਿੰਗ ਸਹਾਇਤਾ ਕੇਂਦਰ ਦੇ ਕਰਮਚਾਰੀਆਂ ਨੂੰ ਜਟਿਲਤਾਵਾਂ ਅਤੇ ਤਕਨਾਲੋਜੀ ਸਬੰਧੀ ਜ਼ਰੂਰਤਾਂ ਦਾ ਪ੍ਰਬੰਧਨ ਕਰਨ ਲਈ ਵਧੇਰੇ ਸਿਖਲਾਈ ਦੀ ਲੋੜ ਪਵੇਗੀ।

ਮਰਸਡ ਕਾਉਂਟੀ ਇਹ ਪੱਕਾ ਕਰਨ ਲਈ ਜ਼ਰੂਰੀ ਸੰਸਾਧਨਾਂ ਨੂੰ ਵਧਾਏਗੀ ਕਿ ਵੋਟਰ, ਮਤਦਾਤਾਵਾਂ ਦੀ ਚੋਣ ਅਧਿਨਿਯਮ ਅਤੇ ਵੋਟ ਕੇਂਦਰ ਦੇ ਮਾਡਲ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ। ਵਿੱਤੀ ਵਰ੍ਹਾ 2021/2022 ਚੋਣ ਬਜਟ ਵਿੱਚ ਹਰੇਕ ਵੋਟਰ ਨੂੰ ਦੋ ਪੱਤਰਾਂ (ਪ੍ਰਿੰਟਿੰਗ ਅਤੇ ਡਾਕ-ਟਿਕਟ) ਦੇ ਨਾਲ ਸਿੱਖਿਆ ਅਤੇ ਪਹੁੰਚ ਸ਼ਾਮਲ ਹੋਵੇਗੀ, ਅਤੇ ਇਹ ਯਕੀਨੀ ਬਣਾਉਣ ਲਈ ਹੋਰ ਗਤੀਵਿਧੀਆਂ ਕਿ ਵੋਟਰਾਂ ਨੂੰ ਵੋਟ ਕੇਂਦਰ ਮਾਡਲ ਦੀ ਵੋਟਿੰਗ ਪ੍ਰਕਿਰਿਆ ਬਾਰੇ ਪੂਰੀ ਜਾਣਕਾਰੀ ਦਿੱਤੀ ਜਾਵੇ।

**ਬਜਟ**

| **ਚੋਣਾਂ** | **ਵਿਗਿਆਪਨ/ਮੀਡੀਆ** | **ਪੋਸਟਕਾਰਡ ਨੂੰ ਡਾਕ ਰਾਹੀਂ ਭੇਜਣਾ** | **ਆਉਟਰੀਚ ਸਮਾਰੋਹ ਅਤੇ ਸਿੱਖਿਆ ਸਬੰਧੀ ਸਮੱਗਰੀ** |
|---|---|---|---|
| **ਮਾਰਚ 2020**<br>ਰਾਸ਼ਟਰਪਤੀ ਪੱਦ ਲਈ ਪ੍ਰਾਈਮਰੀ ਚੋਣਾਂ | $15,200 | $30,600 | $7400 |
| **ਨਵੰਬਰ 2020**<br>ਰਾਸ਼ਟਰਪਤੀ ਪੱਦ ਲਈ ਆਮ ਚੋਣਾਂ | $23,000 | $13,300 | $0 |
| **ਅਨੁਮਾਨਿਤ ਬਜਟ** | | | |
| **ਜੂਨ 2022**<br>ਰਾਜਵਿਆਪੀ ਪ੍ਰਾਈਮਰੀ ਚੋਣਾਂ | $30,000 | $60,000 | $22,000 |

2020 ਵਿੱਚ ਪ੍ਰਾਪਤ ਹੋਏ ਤਜਰਬੇ ਦੇ ਆਧਾਰ ਤੇ, ਮਰਸੀਡ ਕਾਉਂਟੀ ਦਾ ਵੋਟਿੰਗ ਸਹਾਇਤਾ ਕੇਂਦਰ 'ਤੇ ਵਧੇਰੇ ਕਰਮਚਾਰੀਆਂ ਨੂੰ ਨੌਕਰੀ ਦੇਣ, ਵੋਟਿੰਗ ਸਹਾਇਤਾ ਕੇਂਦਰਾਂ 'ਤੇ ਸਮਰੱਥਾ ਵਧਾਉਣ ਅਤੇ ਲੋੜ ਅਨੁਸਾਰ ਵਾਧੂ ਸਾਜ਼ੋ ਸਾਮਾਨ ਖਰੀਦਣ ਦਾ ਇਰਾਦਾ ਹੈ। ਅਜਿਹਾ ਚੋਣਾਂ ਦਾ ਦਿਨ ਹੋਣ ਵਾਲਿਆਂ ਦੇਰੀਆਂ ਨੂੰ ਘੱਟ ਤੋਂ ਘੱਟ ਕਰਨ ਅਤੇ ਕੁਸ਼ਲਤਾਵਾਂ ਨੂੰ ਹਾਸਲ ਕਰਨਾ ਹੈ।

## ਵੋਟ ਪਾਉਣ ਦੀਆਂ ਥਾਂਵਾਂ ਨੂੰ ਸੁਰੱਖਿਅਤ/ਸਿਹਤਮੰਦ ਬਣਾਉਣ ਦੀਆਂ ਯੋਜਨਾਵਾਂ

ਜਦੋਂ ਵੋਟਿੰਗ ਸਹਾਇਤਾ ਕੇਂਦਰ ਕੰਮ ਵਿੱਚ ਨਹੀਂ ਲਿਆਏ ਜਾਂਦੇ ਹਨ, ਤਾਂ ਸਾਈਟ ਅਤੇ ਉਪਕਰਣ ਨੂੰ ਸਥਾਪਤ ਸੁਰੱਖਿਆ ਪ੍ਰੋਟੋਕੋਲ ਅਤੇ ਸੁਰੱਖਿਅਤ ਭੰਡਾਰਨ ਸਹੂਲਤਾਂ ਰਾਹੀਂ ਪ੍ਰਾਪਤ ਕੀਤਾ ਜਾਵੇਗਾ। ਚੋਣਾਂ ਦੇ ਸਾਰੇ ਉਪਕਰਨਾਂ ਦੀ ਇਹ ਸੁਨਿਸ਼ਚਿਤ ਕਰਨ ਲਈ ਕਿ ਹਰੇਕ ਉਪਕਰਣ ਸਹੀ ਤਰ੍ਹਾਂ ਕੰਮ ਕਰ ਰਿਹਾ ਹੈ, ਵਿਆਪਕ ਤਰਕ ਅਤੇ ਸ਼ੁੱਧਤਾ (Logic & Accuracy, L&A) ਲਈ ਜਾਂਚ ਕੀਤੀ ਜਾਂਦੀ ਹੈ। ਸਾਰੇ ਉਪਕਰਣਾਂ ਨੂੰ ਦੋ ਵਿਅਕਤੀਆਂ ਦੀ ਚੋਣ ਟੀਮ ਰਾਹੀਂ ਲਿਫ਼ਟ ਗੇਟ ਵਾਲੇ ਇੱਕ ਉੱਚਿਤ ਸਾਈਜ਼ ਵਾਲੇ ਵਾਹਨ ਵਿੱਚ ਟ੍ਰਾਂਸਪੋਰਟ ਕੀਤਾ ਜਾਏਗਾ। ਚੋਣ ਉਪਕਰਣ ਬੈਕ ਅਪ ਬੈਟਰੀਆਂ ਨਾਲ ਲੈਸ ਹੁੰਦੇ ਹਨ ਜਿਸ ਵਿੱਚ 4 ਘੰਟੇ ਦੀ ਬੈਟਰੀ ਮੌਜੂਦ ਹੁੰਦੀ ਹੈ ਅਤੇ ਬਦਲਾਓ ਉਪਕਰਣ ਕਾਉਂਟੀ ਦੀ ਰੋਵਰ ਟੀਮਾਂ ਕੋਲ ਉਪਲਬਧ ਹੋਣਗੇ। ਸੂਚਨਾ ਤਕਨਾਲੋਜੀ ਸਟਾਫ਼ ਕਿਸੇ ਤਕਨੀਕੀ ਮੁੱਦਿਆਂ

ਨੂੰ ਸੁਲਝਾਉਣ ਲਈ ਸਹਾਇਤਾ ਕਰਨ ਲਈ ਸਾਈਟ ‘ਤੇ ਅਤੇ ਕਾੱਲ ‘ਤੇ ਮੌਜੂਦਾ ਹੁੰਦਾ ਹੈ। ਸਾਰੇ ਵੋਟਿੰਗ ਸਹਾਇਤਾ ਕੇਂਦਰਾਂ ਵਿੱਚ ਵੋਟਿੰਗ ਸਹਾਇਤਾ ਕੇਂਦਰਾਂ ਦੀ ਇੱਕ ਪੂਰੀ ਸੂਚੀ ਮੌਜੂਦ ਹੋਵੇਗੀ ਤਾਂਕਿ ਵੋਟਰ ਲੋੜ ਪੈਣ ‘ਤੇ ਨਜ਼ਦੀਕੀ ਵੋਟਿੰਗ ਸਹਾਇਤਾ ਕੇਂਦਰ ਜਾਂ ਕਾਉਂਟੀ ਦੇ ਚੋਣ ਦਫਤਰ ਵਿੱਚ ਭੇਜਿਆ ਜਾ ਸਕੇ।

ਵੋਟਰਾਂ ਲਈ ਅਤਿਰਿਕਤ ਸਾਵਧਾਨੀਆਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ ਜਿਨਾਂ ਵਿੱਚ ਨਿਯਮਿਤ ਤੌਰ ਤੇ ਕਾਫ਼ੀ ਜ਼ਿਆਦਾ ਛੂਹੀਆਂ ਜਾਣ ਵਾਲੀਆਂ ਸਤਹਾਂ ਨੂੰ ਰੋਗਾਣੂ ਮੁਕਤ ਕਰਨ, ਵੋਟਿੰਗ ਸਹਾਇਤਾ ਕੇਂਦਰ ਦੀਆਂ ਸਹੂਲਤਾਂ ‘ਤੇ ਸਰੀਰਕ ਦੂਰੀ ਬਣਾਈ ਰੱਖਣ, ਪਹੁੰਚਯੋਗ ਵੋਟਿੰਗ ਉਪਕਰਣਾਂ ਤੇ ਵੋਟਰਾਂ ਲਈ ਇੱਕ ਵਾਰੀ ਵਰਤੋਂ ਵਾਲੇ ਉਪਕਰਣ ਅਤੇ ਉਨ੍ਹਾਂ ਵੋਟਰਾਂ ਲਈ ਸੰਭਾਵਤ ਤੌਰ ਤੇ ਫੇਸ ਮਾਸਕ ਉਪਲੱਬਧ ਹੋਣਗੇ, ਜੋ ਆਪਣੇ ਨਾਲ ਮਾਸਕ ਨਹੀਂ ਲਿਆਉਂਦੇ ਹਨ। ਸਾਰੀਆਂ ਯੋਜਨਾਵਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਮਰਸੀਡ ਕਾਉਂਟੀ ਦੇ ਪਬਲਿਕ ਹੈਲਥ ਅਧਿਕਾਰੀਆਂ ਦੁਆਰਾ ਸਮੀਖਿਆ ਕੀਤੀ ਗਈ ਹੈ ਅਤੇ ਕੀਤਾ ਜਾਣਾ ਜਾਰੀ ਹੈ।

ਮਰਸਡ ਕਾਉਂਟੀ ਦੇ ਸ਼ੈਰਿਫ਼, ਮਰਸੀਡ ਕਾਉਂਟੀ ਦੇ ਡਿਸਟ੍ਰਿਕਟ ਅਟਾਰਨੀ, ਕੈਲੀਫੋਰਨੀਆ ਹਾਈਵੇ ਪੈਟਰੋਲ, ਅਟਵਾਟਰ, ਗੈਸਟੀਨ, ਲਿਵਿੰਗਸਟਨ, ਲੋਸ ਬੈਨੋਸ ਅਤੇ ਮਰਸੀਡ ਸ਼ਹਿਰਾਂ ਦੇ ਪੁਲਿਸ ਵਿਭਾਗਾਂ ਨੂੰ ਸਾਰੇ ਵੋਟਿੰਗ ਸਹਾਇਤਾ ਕੇਂਦਰਾਂ ਅਤੇ ਬੈਲਟ ਡ੍ਰੌਪ-ਬੌਕਸ ਦੀਆਂ ਥਾਂਵਾਂ ਦੀ ਇੱਕ ਪੂਰੀ ਸੂਚੀ ਦਿੱਤੀ ਜਾਏਗੀ। ਬੇਨਤੀ ਕੀਤੀ ਜਾਂਦੀ ਹੈ ਕਿ ਜੇ ਕੋਈ ਸਮੱਸਿਆ ਆ ਜਾਂਦੀ ਹੈ, ਤਾਂ ਏਜੰਸੀ ਮਰਸੀਡ ਕਾਉਂਟੀ ਦੇ ਰਜਿਸਟਰਾਰ ਔਫ਼ ਵੋਟਰਾਂ ਜਾਂ ਸਹਾਇਕ ਰਜਿਸਟਰਾਰ ਨੂੰ ਵੋਟਰਾਂ ਨਾਲ ਤੁਰੰਤ ਸੰਪਰਕ ਕਰਕੇ ਰੁਕਾਵਟ ਬਾਰੇ ਜਾਣਕਾਰੀ ਦੇਵੇਗੀ। ਵੋਟਿੰਗ ਸਹਾਇਤਾ ਕੇਂਦਰ ਦਾ ਸਟਾਫ਼ ਚੋਣ ਦਫਤਰ ਦੇ ਕਾੱਲ ਸੈਂਟਰ ਨਾਲ ਸੰਪਰਕ ਕਰੇਗਾ ਜੇ ਉਨ੍ਹਾਂ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾੱਲ ਸੈਂਟਰ ਦਿਸ਼ਾ-ਨਿਰਦੇਸ਼ ਪ੍ਰਦਾਨ ਕਰੇਗਾ ਅਤੇ ਇੱਕ ਫੀਲਡ ਟੀਮ ਦੇ ਮੈਂਬਰ ਨੂੰ ਲੋੜ ਅਨੁਸਾਰ ਸਹਾਇਤਾ ਲਈ ਭੇਜ ਦੇਵੇਗਾ।

ਕਿਸੇ ਵੱਡੀ ਸੰਕਟਕਾੱਲੀਨ ਸਥਿਤੀ ਹੋਣ ਦੀ ਸੂਰਤ ਵਿੱਚ, ਮਰਸੀਡ ਕਾਉਂਟੀ ਦੇ ਰਜਿਸਟਰਾਰ ਔਫ਼ ਵੋਟਰ ਕੈਲੀਫੋਰਨੀਆ ਦੇ ਸੈਕ੍ਰੇਟਰੀ ਔਫ਼ ਸਟੇਟ ਦੇ ਦਫਤਰ ਨਾਲ ਸੰਪਰਕ ਕਰਨਗੇ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਮੀਡੀਆ ਅਪਡੇਟਸ ਜਨਤਾ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਜੇ ਕੋਈ ਕੁਦਰਤੀ ਆਪਦਾ ਆਉਂਦੀ ਹੈ ਜੋ ਵੋਟਿੰਗ ਸਹਾਇਤਾ ਕੇਂਦਰ ਨੂੰ ਪ੍ਰਭਾਵਤ ਕਰਦੀ ਹੈ ਜਾਂ ਇਸ ਨੂੰ ਬੰਦ ਕਰਨ ਦੀ ਲੋੜ ਪੈਂਦੀ ਹੈ, ਤਾਂ ਸਟਾਫ਼ ਰਾਜ ਦੇ ਕਨੂੰਨ ਦੇ ਅਨੁਸਾਰ ਸਾਰੇ ਉਪਕਰਣਾਂ ਨੂੰ ਸੁਰੱਖਿਅਤ ਕਰਨ ਲਈ ਦਿਨ ਦੇ ਸਮਾਪਤ ਹੋਣ ਦੀਆਂ ਪ੍ਰਕਿਰਿਆਵਾਂ ਦੀ ਪਾਲਣਾ ਕਰੇਗਾ। ਜੇ ਨਿਰਧਾਰਿਤ ਸਥਾਨ ਵਰਤੋਂ ਕਰਨ ਦੇ ਯੋਗ ਨਹੀਂ ਰਹਿੰਦਾ ਹੈ, ਤਾਂ ਵੋਟਰਾਂ ਨੂੰ ਕਿਸੇ ਹੋਰ ਥਾਂ ਤੇ ਭੇਜਣ ਲਈ ਨੋਟੀਫਿਕੇਸ਼ਨ ਅਤੇ ਸੰਕੇਤ ਪੋਸਟ ਕੀਤੇ ਜਾਣਗੇ। ਜੇ ਕੋਈ ਬੈਲਟ ਡ੍ਰੌਪ-ਔਫ਼ ਦੀ ਥਾਂ ਪ੍ਰਭਾਵਿਤ ਹੁੰਦੀ ਹੈ, ਤਾਂ ਵੋਟਰਾਂ ਨੂੰ ਕਿਸੇ ਹੋਰ ਥਾਂ ਤੇ ਭੇਜਣ ਲਈ ਸੰਕੇਤ ਅਤੇ ਸੂਚਨਾਵਾਂ ਪੋਸਟ ਕੀਤੀਆਂ ਜਾਣਗੀਆਂ।

## VBM ਅਤੇ ਵੋਟਿੰਗ ਸਥਾਨਾਂ ਤੱਕ ਪਹੁੰਚ ਨੂੰ ਸੁਨਿਸ਼ਚਿਤ ਕਰਨਾ

ਮਰਸਡ ਕਾਉਂਟੀ ਚੋਣ ਪ੍ਰਕਿਰਿਆ ਵਿੱਚ ਪਹੁੰਚਯੋਗਤਾ ਪ੍ਰਦਾਨ ਕਰਨ ਅਤੇ ਉਸਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਅਸਮਰਥਤਾਵਾਂ ਵਾਲੇ ਵੋਟਰਾਂ ਨੂੰ ਨਿੱਜੀ ਅਤੇ ਸੁਤੰਤਰ ਤੌਰ ‘ਤੇ ਵੋਟ ਪਾਉਣ ਦੀ ਸਮਰੱਥਾ ਪ੍ਰਦਾਨ ਕਰਨ ਲਈ ਸਾਰੇ ਵੋਟਿੰਗ ਸਹਾਇਤਾ ਕੇਂਦਰਾਂ ‘ਤੇ ExpressVotes (ਪਹੁੰਚਯੋਗ ਮਾਰਕਿੰਗ ਉਪਕਰਣ) ਉਪਲੱਬਧ ਹੋਣਗੇ। ਹਰੇਕ ਵੋਟਿੰਗ ਸਹਾਇਤਾ ਕੇਂਦਰ ਵਿੱਚ ਦੋਭਾਸ਼ੀ ਸਟਾਫ਼ ਅਤੇ ਨਾਲ ਹੀ ਇੱਕ ਬਹੁਭਾਸ਼ੀ ਵਰਚੁਅਲ ਪੋਲ ਵਰਕਰ (Multilingual Virtual Poll Worker, MVP) ਮੌਜੂਦ ਹੋਣਗੇ। ਮਰਸਡ ਕਾਉਂਟੀ ਦੇ ਰਜਿਸਟਰਾਰ ਔਫ਼ ਵੋਟਰ ਦਾ ਦਫ਼ਤਰ, ਵੋਟਰਾਂ ਦੀ ਪਹੁੰਚ ਵਿੱਚ ਸੁਧਾਰ ਲਿਆਉਣ ਲਈ ਸਾਲ 2019 ਦੇ Clearinghouse “Clearie” ਅਵਾਰਡ ਦਾ ਪ੍ਰਾਪਤਕਰਤਾ ਸੀ। ਸਾਨੂੰ ਅਮਰੀਕੀ ਸਾਈਨ ਲੈਂਗਵੇਜ ਦੇ ਦੁਭਾਸ਼ੀਏ ਲਈ ਸਿੱਧਾ ਆਈਪੈਡ ਅਧਾਰਤ ਕਨੈਕਸ਼ਨ ਦੇ ਕੇ ਬੋਲ਼ੇ ਅਤੇ ਸੁਣਨ ਵਿੱਚ ਮੁਸ਼ਕਿਲ ਹੋਣ ਵਾਲੇ ਵੋਟਰਾਂ ਦੀ ਸਹਾਇਤਾ ਲਈ MVP ਦੀ ਵਰਤੋਂ ਕਰਨ ਲਈ ਅਵਾਰਡ ਪ੍ਰਾਪਤ ਹੋਇਆ ਹੈ। MVP ਦੀ ਵਰਤੋਂ 200 ਤੋਂ ਵੱਧ ਭਾਸ਼ਾਵਾਂ ਲਈ ਦੁਭਾਸ਼ੀਏ ਪ੍ਰਦਾਨ ਕਰਨ ਲਈ ਵੀ ਕੀਤੀ ਜਾ ਸਕਦੀ ਹੈ।

ਕੋਈ ਵੀ ਵੋਟਰ ਡਾਉਨਲੋਡ ਕਰਨ ਯੋਗ ਬੈਲਟ ਦੀ ਬੇਨਤੀ ਕਰਨ ਲਈ, ਪਹੁੰਚਯੋਗ ਡਾਕ ਰਾਹੀਂ ਵੋਟ ਸਿਸਟਮ (RAVMB) ਪ੍ਰਣਾਲੀ ਦੇ ਜ਼ਰੀਏ, ਔਨਲਾਈਨ ਜਾਣ ਦੀ ਚੋਣ ਵੀ ਕਰ ਸਕਦਾ ਹੈ। RAVMB ਸਿਸਟਮ ਅਸਮਰਥਤਾਵਾਂ ਵਾਲੇ ਵੋਟਰਾਂ ਅਤੇ ਸੈਨਿਕ ਅਤੇ ਵਿਦੇਸ਼ੀ ਵੋਟਰਾਂ ਨੂੰ ਸੁਰੱਖਿਅਤ ਢੰਗ ਨਾਲ ਬੈਲਟ ਪਹੁੰਚਾਉਣ ਲਈ ਬਣਾਇਆ ਗਿਆ ਸੀ। RAVMB ਵੋਟਰਾਂ ਨੂੰ ਇੱਕ

ਅਧਿਕਾਰਤ ਵੈੱਬਸਾਈਟ ਤੋਂ ਵੋਟਰ ਨੂੰ ਇਲੈਕਟ੍ਰਾਨਿਕ ਢੰਗ ਨਾਲ ਪਹੁੰਚਾਉਣ ਲਈ ਇੱਕ VBM ਬੈਲਟ ਲਈ ਬੇਨਤੀ ਕਰਨ ਦੀ ਯੋਗਤਾ ਪ੍ਰਦਾਨ ਕਰਦਾ ਹੈ। ਇਲੈਕਟ੍ਰਾਨਿਕ ਬੈਲਟ ਨੂੰ ਵੋਟਰ ਦੇ ਕੰਪਿਯੂਟਰ ਤੇ ਡਾਉਨਲੋਡ ਕੀਤਾ ਜਾ ਸਕਦਾ ਹੈ, ਨਿੱਜੀ ਅਤੇ ਸੁਤੰਤਰ ਤੌਰ ਤੇ ਨਿਸ਼ਾਨ ਲਾਏ ਜਾ ਸਕਦੇ ਹਨ, ਅਤੇ ਫਿਰ ਪ੍ਰਿੰਟ ਕੀਤਾ ਜਾ ਸਕਦਾ ਹੈ। ਉਸ ਤੋਂ ਬਾਅਦ ਬੈਲਟ ਨੂੰ ਗਿਣੇ ਜਾਣ ਲਈ ਰਜਿਸਟਰਾਰ ਔਫ਼ ਵੋਟਰਾਂ ਦੇ ਦਫਤਰ ਵਿੱਚ ਵਾਪਸ ਭੇਜਿਆ ਜਾ ਸਕਦਾ ਹੈ।

ਵੋਟਿੰਗ ਸਹਾਇਤਾ ਕੇਂਦਰਾਂ, ਟੋਲ ਫ੍ਰੀ ਵੋਟਰ ਫੋਨ ਲਾਈਨ ਅਤੇ ਵੋਟਿੰਗ ਦੇ ਵਿਕਲਪਾਂ (RAVBM ਲਈ ਸਾਈਨ ਅਪ ਕਿਵੇਂ ਕਰਨਾ ਸਮੇਤ) ਸੰਬੰਧੀ ਜਾਣਕਾਰੀ ਹੇਠਾਂ ਦਿੱਤੇ ਅਨੁਸਾਰ ਸਾਰੇ ਵੋਟਰਾਂ ਨੂੰ ਵੰਡੀ ਜਾਏਗੀ, ਜਿਨ੍ਹਾਂ ਵਿੱਚ ਪਹੁੰਚਯੋਗਤਾ ਦੀਆਂ ਚੁਣੌਤੀਆਂ ਵਾਲੇ ਵਿਅਕਤੀ ਵੀ ਸ਼ਾਮਲ ਹੋ ਸਕਦੇ ਹਨ:

- ਅਖ਼ਬਾਰ
- ਰੇਡੀਓ
- ਸੋਸ਼ਲ ਮੀਡੀਆ @MercedCountyROV
- ਡਿਪਾਰਟਮੇਂਟ ਦੀ ਵੈੱਬਸਾਈਟ www.mercedelections.org
- ਵਰਕਸ਼ਾਪਾਂ/ਪੇਸ਼ਕਾਰੀਆਂ - ਭਾਈਚਾਰੇ ਦੇ ਅਪਾਹਜ ਵੋਟਰਾਂ ਦੇ ਮੈਂਬਰਾਂ ਜਾਂ ਨੁਮਾਇੰਦਿਆਂ ਨਾਲ ਤਾਲਮੇਲ ਕਰਕੇ ਜਨਤਕ ਸੇਵਾ ਘੋਸ਼ਣਾਵਾਂ ਕਾਉਂਟੀ ਦੀਆਂ ਏਜੰਸੀਆਂ ਅਤੇ ਹੋਰ ਆਉਟਲੈਟਾਂ ਦੁਆਰਾ ਵਿਆਪਕ ਤੌਰ ਤੇ ਵੰਡੀਆਂ ਜਾਂਦੀਆਂ ਹਨ

ਮਰਸਡ ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ ਸਥਾਨਕ ਏਜੰਸੀਆਂ ਅਤੇ ਸਮੂਹਾਂ ਨਾਲ ਕੰਮ ਕਰਨਗੇ ਜੋ ਅਪਾਹਜ ਵਿਅਕਤੀਆਂ ਲਈ ਸੇਵਾਵਾਂ ਦੀ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਪ੍ਰਭਾਵਤ ਸਮੂਹਾਂ ਤੱਕ ਇਸ ਜਾਣਕਾਰੀ ਨੂੰ ਪਹੁੰਚਾਉਣ ਲਈ ਸਭ ਤੋਂ ਵਧੀਆ ਅਤੇ ਪ੍ਰਭਾਵਸ਼ਾਲੀ ਤਰੀਕਿਆਂ ਦਾ ਨਿਰਧਾਰਣ ਕਰਦੇ ਹਨ।

ਵੋਟਿੰਗ ਅਕਸੈਸਬਿਲਟੀ ਐਡਵਾਈਜ਼ਰੀ ਕਮੇਟੀ (Voting Accessibility Advisory Committee, VAAC) ਦੀ ਸਥਾਪਨਾ 2017 ਵਿੱਚ ਕੀਤੀ ਗਈ ਸੀ ਅਤੇ ਇਹ ਤਿਮਾਹੀ ਆਪਸ ਵਿੱਚ ਮਿਲਦੀ ਹੈ। ਇਹ ਇੱਕ ਸਾਰੇ-ਵਾਲੰਟੀਅਰਾਂ ਵਾਲੀ ਕਮੇਟੀ ਹੈ ਜੋ ਚੋਣਾਂ ਅਤੇ ਚੋਣ ਸਮੱਗਰੀ ਲਈ ਵੋਟਿੰਗ ਪਹੁੰਚਯੋਗਤਾ ਨਾਲ ਜੁੜੇ ਮੁੱਦਿਆਂ 'ਤੇ ਸਲਾਹ ਦੇਣ ਲਈ ਸਥਾਪਤ ਕੀਤੀ ਗਈ ਹੈ। VAAC ਅਪਾਹਜ ਵੋਟਰਾਂ ਦੁਆਰਾ ਚੋਣ ਪ੍ਰਕਿਰਿਆ ਤੱਕ ਪਹੁੰਚ ਨਾਲ ਜੁੜੇ ਸੰਘੀ ਅਤੇ ਰਾਜ ਦੇ ਕਾਨੂੰਨਾਂ ਨੂੰ ਲਾਗੂ ਕਰਨ ਦੀ ਸਲਾਹ ਅਤੇ ਸਹਾਇਤਾ ਦਿੰਦੀ ਹੈ ਤਾਂ ਜੋ ਵੋਟ ਪਾਉਣ ਦੇ ਯੋਗ ਸਾਰੇ ਵਿਅਕਤੀ ਵੋਟਿੰਗ ਪ੍ਰਕਿਰਿਆ ਵਿੱਚ ਹਿੱਸਾ ਲੈ ਸਕਣ। ਇਹ ਗਤੀਵਿਧੀਆਂ, ਪ੍ਰੋਗਰਾਮਾਂ ਅਤੇ ਨੀਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਤਰਜੀਹ ਦੇਣ ਦੀਆਂ ਸਿਫਾਰਿਸ਼ਾਂ ਵੀ ਪ੍ਰਦਾਨ ਕਰਦੀ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਹਰੇਕ ਵੋਟਰ ਨੂੰ ਬੈਲਟ ਤਕ ਬਰਾਬਰ ਪਹੁੰਚ ਪ੍ਰਾਪਤ ਹੈ। ਕਮੇਟੀ ਦੇ ਮੈਂਬਰ ਆਪਣੇ ਭਾਈਚਾਰਿਆਂ ਵਿੱਚ ਪਹੁੰਚ ਵਿੱਚ ਵੀ ਸਹਾਇਤਾ ਕਰ ਸਕਦੇ ਹਨ।

ਭਾਸ਼ਾ ਅਕਸੈਸਬਿਲਟੀ ਐਡਵਾਈਜ਼ਰੀ ਕਮੇਟੀ (Language Accessibility Advisory Committee, LAAC) ਦੀ ਸਥਾਪਨਾ ਵੀ 2017 ਵਿੱਚ ਕੀਤੀ ਗਈ ਸੀ ਅਤੇ ਇਹ ਤਿਮਾਹੀ ਆਪਸ ਵਿੱਚ ਮਿਲਦੀ ਹੈ। LAAC ਇੱਕ ਸਾਰੇ-ਵਾਲੰਟੀਅਰਾਂ ਵਾਲੀ ਕਮੇਟੀ ਹੈ ਜੋ ਅੰਗ੍ਰੇਜ਼ੀ ਦੀ ਸੀਮਿਤ ਮੁਹਾਰਤ ਵਾਲੇ ਵੋਟਰਾਂ ਲਈ ਭਾਸ਼ਾ ਦੀ ਪਹੁੰਚਯੋਗਤਾ ਨਾਲ ਜੁੜੇ ਮੁੱਦਿਆਂ ਬਾਰੇ ਸਲਾਹ ਪ੍ਰਦਾਨ ਕਰਨ ਲਈ ਸਥਾਪਿਤ ਕੀਤੀ ਗਈ ਹੈ, ਤਾਂ ਜੋ ਵੋਟ ਪਾਉਣ ਦੇ ਯੋਗ ਸਾਰੇ ਵਿਅਕਤੀ ਵੋਟਿੰਗ ਪ੍ਰਕਿਰਿਆ ਨੂੰ ਸਮਝ ਸਕਣ ਅਤੇ ਉਸ ਵਿੱਚ ਹਿੱਸਾ ਲੈ ਸਕਣ। ਇਸ ਤੋਂ ਇਲਾਵਾ, ਕਮੇਟੀ ਭਾਈਚਾਰਿਆਂ ਵਿੱਚ ਪਹੁੰਚ ਵਿੱਚ ਵੀ ਸਹਾਇਤਾ ਕਰ ਸਕਦੀ ਹੈ।

## ਟੋਲ-ਫ੍ਰੀ ਵੋਟਰ ਸਹਾਇਤਾ

ਮਰਸਡ ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ ਦੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ (1-800-561-0619) ਦਾ ਪ੍ਰਸਾਰ ਕਰਦੀ ਜਾਣਕਾਰੀ ਵੋਟਰਾਂ ਨੂੰ ਭੇਜੇ ਜਾਣ ਵਾਲੇ ਸਾਰੇ ਚੋਣਾਂ ਤੋਂ ਪਹਿਲਾਂ ਦੀ ਡਾਕ 'ਤੇ ਪ੍ਰਦਾਨ ਕੀਤੀ ਜਾਏਗੀ, ਜਿਸ ਵਿੱਚ ਪਤੇ ਦੀ ਪੁਸ਼ਟੀ ਕਰਨ ਵਾਲੀ ਡਾਕ ਅਤੇ ਵੋਟਰ ਜਾਣਕਾਰੀ ਵਾਲੇ ਪੈਕੇਟਾਂ ਵਿੱਚ ਸ਼ਾਮਲ ਕੀਤੀ ਜਾਏਗੀ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹੈ।

# ਭਾਗ 1 - ਵੋਟਰ ਸਿੱਖਿਆ ਅਤੇ ਪਹੁੰਚ ਯੋਜਨਾ

**ਆਮ ਲੋੜਾਂ**

**1-A ਪਹੁੰਚਯੋਗ ਫਾਰਮੈਟ ਵਿੱਚ ਡਾਕ ਰਾਹੀਂ ਵੋਟ ਬੈਲਟ ਦੀ ਉਪਲਬਧਤਾ ਅਤੇ ਇਸ ਤਰ੍ਹਾਂ ਦੇ ਬੈਲਟ ਲਈ ਬੇਨਤੀ ਕਰਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦੇ ਉਦੇਸ਼ਾਂ ਲਈ ਸੋਸ਼ਲ ਮੀਡੀਆ, ਅਖ਼ਬਾਰਾਂ, ਰੇਡੀਓ ਅਤੇ ਟੈਲੀਵਿਜ਼ਨ ਸਮੇਤ ਮੀਡੀਆ ਦੀ ਵਰਤੋਂ।**
EC §4005(a)(10)(I)(i)(VIII)

ਮਰਸਡ ਕਾਉਂਟੀ ਵਿਆਪਕ ਵੋਟਰ ਸਿੱਖਿਆ ਅਤੇ ਪਹੁੰਚ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਵਚਨਬੱਧ ਹੈ। ਅਸੀਂ ਉਨ੍ਹਾਂ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਜਾਰੀ ਰੱਖਾਂਗੇ ਜਿਨ੍ਹਾਂ ਵਿੱਚ ਪਿਛਲੇ ਸਮੇਂ ਵਿੱਚ ਸ਼ਾਮਲ ਹੋਇਆ ਗਿਆ ਸੀ ਅਤੇ ਨਾਲ ਹੀ ਸਾਡੇ ਵੋਟਰਾਂ ਨਾਲ ਗੱਲਬਾਤ ਕਰਨ ਦੇ ਪ੍ਰਭਾਵਸ਼ਾਲੀ ਤਰੀਕਿਆਂ ਦਾ ਵਿਕਾਸ ਕਰਾਂਗੇ। ਮਰਸੀਡ ਕਾਉਂਟੀ ਦੇ ਚੋਣ ਵਿਭਾਗ ਵਿੱਖੇ, ਅਸੀਂ ਕਮਿਯੂਨਿਟੀ ਵਿੱਚ ਆਪਣੀ ਮੌਜੂਦਗੀ ਅਤੇ ਦਿੱਖ ਨੂੰ ਵਧਾਉਣ ਲਈ ਕੰਮ ਕੀਤਾ ਹੈ। ਅਸੀਂ ਭਾਈਵਾਲੀ ਸਥਾਪਿਤ ਕਰਨਾ ਅਤੇ ਕਾਇਮ ਰੱਖਣਾ ਜਾਰੀ ਰੱਖਦੇ ਹਾਂ ਅਤੇ ਕਮੇਟੀਆਂ ਅਤੇ ਸੰਗਠਨਾਂ ਦੇ ਨਾਲ-ਨਾਲ ਸਾਡੀ ਭਾਸ਼ਾ ਐਕਸੈਸਿਬਿਲਟੀ ਐਡਵਾਈਜ਼ਰੀ ਅਤੇ ਵੋਟਿੰਗ ਐਕਸੈਸਬਿਲਟੀ ਐਡਵਾਈਜ਼ਰੀ ਕਮੇਟੀਆਂ ਨਾਲ ਮਿਲਦੇ ਹਾਂ। ਸਾਡਾ ਉਦੇਸ਼ ਆਪਣੇ ਕਮਿਯੂਨਿਟੀ ਦੇ ਭਾਈਵਾਲਾਂ ਨਾਲ ਮਿਲਕੇ ਕੰਮ ਕਰਨਾ ਅਤੇ ਉਨ੍ਹਾਂ ਨੂੰ ਸਰੋਤ ਅਤੇ ਜਾਣਕਾਰੀ ਪ੍ਰਦਾਨ ਕਰਨਾ ਹੈ ਜੋ ਉਹ ਆਪਣੇ ਵੱਡੇ ਨੈਟਵਰਕਾਂ ਨਾਲ ਸਾਂਝਾ ਕਰ ਸਕਣ।

ਡਾਕ ਰਾਹੀਂ ਵੋਟ ਬੈਲਟ ਅਤੇ ਇੱਕ ਪਹੁੰਚਯੋਗ ਬੈਲਟ ਪ੍ਰਾਪਤ ਕਰਨ ਬਾਰੇ ਜਾਣਕਾਰੀ ਹੇਠਾਂ ਦਿੱਤੇ ਆਉਟਲੈੱਟਾਂ ਅਤੇ ਤਰੀਕਿਆਂ ਦੀ ਵਰਤੋਂ ਕਰਕੇ ਫੈਲਾਈ ਜਾਏਗੀ:

- ਜਨਤਕ ਸੇਵਾ ਘੋਸ਼ਣਾਵਾਂ
- ਪ੍ਰਿੰਟ ਕੀਤੇ ਹੋਏ ਮੈਸੇਜ
- ਸੋਸ਼ਲ ਮੀਡੀਆ ਅਤੇ ਇੰਟਰਨੈੱਟ ਵਿੱਚ ਮੌਜੂਦਗੀ @MercedCountyROV
- ਡਿਪਾਰਟਮੇਂਟ ਦੀ ਵੈੱਬਸਾਈਟ www.mercedelections.org
- ਮਰਸਡ ਕਾਉਂਟੀ ਦੀ ਵੈੱਬਸਾਈਟ
- ਵੋਟਿੰਗ ਐਕਸੈਸਬਿਲਟੀ ਐਡਵਾਈਜ਼ਰੀ ਕਮੇਟੀ ਦੀਆਂ ਮੀਟਿੰਗਾਂ
- ਭਾਸ਼ਾ ਐਕਸੈਸਬਿਲਟੀ ਐਡਵਾਈਜ਼ਰੀ ਕਮੇਟੀ ਦੀਆਂ ਮੀਟਿੰਗਾਂ
- ਕਮਿਯੂਨਿਟੀ ਦੇ ਭਾਈਵਾਲ
- ਹਾਈ ਸਕੂਲ, ਮਰਸੀਡ ਕਮਿਯੂਨਿਟੀ ਕਾੱਲਜ ਅਤੇ ਯੂਨੀਵਰਸਿਟੀ ਔਫ਼ ਕੈਲੀਫੋਰਨੀਆ (ਕੈਲੀਫੋਰਨੀਆ ਦੀ ਯੂਨੀਵਰਸਿਟੀ, UC ਮਰਸਡ ) ਮਰਸਡ
- ਹੋਰ ਭਾਸ਼ਾਵਾਂ ਵਿੱਚ ਸਮੱਗਰੀ
- ਵੋਟਿੰਗ ਸਹਾਇਤਾ ਕੇਂਦਰਾਂ ਵਿੱਚ ਭਾਸ਼ਾ ਸਹਾਇਤਾ
- ਭਾਈਚਾਰਕ ਆਊਟਰੀਚ ਸਬੰਧੀ ਕਾਰਜਕ੍ਰਮ
- ਵੋਟਰਾਂ ਨਾਲ ਪ੍ਰਤੱਖ ਸੰਪਰਕ
- ਅਖ਼ਬਾਰ
- ਰੇਡੀਓ

ਮਰਸਡ ਵਿੱਚ ਮਰਸੀਡ ਕਮਿਯੂਨਿਟੀ ਕਾੱਲਜ ਅਤੇ ਯੂਨੀਵਰਸਿਟੀ ਔਫ਼ ਕੈਲੀਫੋਰਨੀਆ UC, ਮਰਸਡ ਵਿੱਖੇ ਕਾੱਲਜ ਜਾਣ ਵਾਲੇ ਵਿਦਿਆਰਥੀਆਂ ਦੀ ਇੱਕ ਵੱਧਦੀ ਹੋਈ ਆਬਾਦੀ ਹੈ। ਇਨ੍ਹਾਂ ਆਬਾਦੀਆਂ ਵਿੱਚ ਵੋਟਰ ਸਿੱਖਿਆ ਵਿੱਚ ਕੋਸ਼ਿਸ਼ਾਂ ਜਾਰੀ ਹਨ।

ਮਰਸਡ ਕਾਉਂਟੀ ਦੇ ਆਪਣੇ ਸਥਾਨਕ ਟੇਲੀਵਿਜ਼ਨ ਸਟੇਸ਼ਨ ਨਹੀਂ ਹਨ ਜੋ ਮੁੱਖ ਤੌਰ ਤੇ ਮਰਸੀਡ ਕਾਉਂਟੀ ਦੇ ਨਿਵਾਸਿਆਂ ਦੀ ਸੇਵਾ ਕਰਦੇ ਹੋਣ। ਇਸ ਦੀ ਬਜਾਇ, ਮਰਸੀਡ ਕਾਉਂਟੀ ਦੇ ਵਸਨੀਕਾਂ ਨੂੰ ਖੇਤਰੀ ਟੈਲੀਵਿਜ਼ਨ/ਰੇਡੀਓ ਸਟੇਸ਼ਨਾਂ ਦੁਆਰਾ ਸੇਵਾ ਦਿੱਤੀ ਜਾਂਦੀ

ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਫਰੈਜ਼ਨੋ ਵਿੱਚ ਸਥਿਤ ਹਨ ਅਤੇ ਵਧੇਰੇ ਸੈਂਟ੍ਰਲ ਵੈਲੀ ਖੇਤਰ ਦੀ ਸੇਵਾ ਕਰਦੇ ਹਨ। ਮਰਸੀਡ ਕਾਊਂਟੀ ਖੇਤਰੀ ਟੈਲੀਵਿਜ਼ਨ ਸਟੇਸ਼ਨਾਂ/ਰੇਡੀਓ ਸਟੇਸ਼ਨਾਂ ਤੱਕ ਪਹੁੰਚੇਗੀ। ਅਸੀਂ ਕਈ ਟੈਲੀਵਿਜ਼ਨ ਸਟੇਸ਼ਨਾਂ 'ਤੇ ਟੈਲੀਵਿਜ਼ਨ ਦੇ ਇਸ਼ਤਿਹਾਰਾਂ ਦੀ ਵਰਤੋਂ ਕਰਦਿਆਂ ਆਪਣੇ ਸਬੰਧਤ ਵੋਟਰਾਂ ਨੂੰ ਜਾਗਰੂਕ ਕਰਨ ਦੀਆਂ ਆਪਣੀਆਂ ਕੋਸ਼ਿਸ਼ਾਂ ਨੂੰ ਜੋੜਨ ਲਈ ਮੈਡਰੈ ਅਤੇ ਫਰੈਜ਼ਨੋ ਕਾਉਂਟੀਆਂ ਦੋਵਾਂ ਨਾਲ ਸਾਂਝੇਦਾਰੀ ਜਾਰੀ ਰੱਖਾਂਗੇ।

## 1-ਬੀ ਵੋਟਰਾਂ ਦੀ ਚੋਣ ਐਕਟ EC §4005(a)(10)(I)(i)(III) ਬਾਰੇ ਵੋਟਰਾਂ ਨੂੰ ਜਾਗਰੂਕ ਕਰਨ

ਲਈ ਕਮਿਯੂਨਿਟੀ ਦੀ ਮੌਜੂਦਗੀ

ਮਰਸਡ ਕਾਉਂਟੀ ਦੀ ਕਮਿਯੂਨਿਟੀ ਵਿੱਚ ਮੌਜੂਦਗੀ ਵੋਟ ਕੇਂਦਰ ਮਾਡਲ ਦੀ ਜਾਣਕਾਰੀ ਸਿੱਧੇ ਤੌਰ 'ਤੇ ਵੋਟਰਾਂ ਅਤੇ ਕਈ ਪ੍ਰਕਾਰ ਦੇ ਸਮਾਗਮਾਂ ਦੇ ਹਾਜ਼ਰੀਨ ਨੂੰ ਪ੍ਰਦਾਨ ਕਰੇਗੀ। ਮਰਸਡ ਕਾਉਂਟੀ ਦਾ ਉਦੇਸ਼ ਸਾਡੇ ਕਮਿਯੂਨਿਟੀ ਭਾਈਵਾਲਾਂ, ਭਾਸ਼ਾ ਐਕਸੈਸਬਿਲਟੀ ਐਡਵਾਈਜ਼ਰੀ ਕਮੇਟੀ (LAAC), ਵੋਟਿੰਗ ਐਕਸੈਸਬਿਲਟੀ ਐਡਵਾਈਜ਼ਰੀ ਕਮੇਟੀ (VAAC) ਨਾਲ ਤਾਲਮੇਲ ਕਰਨਾ ਹੈ, ਤਾਂਕਿ ਸਾਡੇ ਵੋਟਰਾਂ ਨੂੰ ਸਿੱਖਿਆ ਦੇਣ ਵਾਲੇ ਮੌਕਿਆਂ ਦੀ ਪਛਾਣ ਕੀਤੀ ਜਾ ਸਕੇ, ਵੋਟਿੰਗ ਦੇ ਉਪਕਰਣਾਂ ਦਾ ਪ੍ਰਦਰਸ਼ਨ ਕੀਤਾ ਜਾ ਸਕੇ ਅਤੇ ਇਹ ਵੇਰਵਾ ਦਿੱਤਾ ਜਾ ਸਕੇ ਕਿ ਇੱਕ ਪਹੁੰਚਯੋਗ ਬੈਲਟ ਲਈ ਬੇਨਤੀ ਕਿਵੇਂ ਕੀਤੀ ਜਾਏ ਅਤੇ ਇਸਨੂੰ ਪ੍ਰਾਪਤ ਕਿਵੇਂ ਕੀਤਾ ਜਾਏ। ਮਰਸਡ ਕਾਉਂਟੀ, ਆਪਣੀ ਕਾਉਂਟੀ ਦੇ ਹਰੇਕ ਖੇਤਰ ਵਿੱਚ ਪਹੁੰਚਣ ਦੀ ਹਰ ਕੋਸ਼ਿਸ਼ ਕਰੇਗੀ। ਵੋਟਰਾਂ ਕੋਲ ਵੋਟ ਕੇਂਦਰ ਦੇ ਮਾਡਲ ਅਤੇ ਉਹਨਾਂ ਦੇ ਵੋਟਿੰਗ ਵਿਕਲਪਾਂ ਬਾਰੇ ਸਿੱਖਣ ਦੇ ਬਹੁਤ ਸਾਰੇ ਮੌਕੇ ਮੌਜੂਦ ਹੋਣਗੇ, ਜਿੰਨਾਂ ਵਿੱਚ ਹੇਠ ਲਿੱਖੇ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ:

- ਵਿਭਾਗ ਦੀ VAAC ਅਤੇ LAAC
    - ਮੀਟਿੰਗਾਂ ਵਿੱਚ ਵੋਟਿੰਗ ਪ੍ਰਣਾਲੀ ਦਾ ਪ੍ਰਦਰਸ਼ਨ ਅਤੇ ਜਾਣਕਾਰੀ ਸੰਬੰਧੀ ਅਪਡੇਟ ਸ਼ਾਮਲ ਹਨ
    - VAAC ਅਤੇ LAAC ਮੈਂਬਰਾਂ ਨਾਲ ਸਮੱਗਰੀਆਂ ਦਾ ਵਿਕਾਸ, ਅਤੇ ਉਹਨਾਂ ਦੇ ਭਾਈਚਾਰਿਆਂ ਵਿੱਚ ਵੰਡੇ ਜਾਣ ਲਈ ਪੇਸ਼ ਕੀਤਾ ਗਿਆ

- ਵੱਖ-ਵੱਖ ਸਰੋਤਿਆਂ ਲਈ ਪੇਸ਼ਕਾਰੀਆਂ:
    - ਨੇਬਰਹੁੱਡ ਐਸੋਸੀਏਸ਼ਨਾਂ
    - ਕਾਉਂਟੀ ਬੋਰਡ ਔਫ਼ ਸੁਪਰਵਾਈਜ਼ਰਸ
    - ਸਿਟੀ ਕਾਉਂਸਿਲਾਂ ਅਤੇ ਸਿਟੀ ਕਲੱਰਕ
    - ਚੁਣੇ ਗਏ ਅਧਿਕਾਰੀਆਂ ਨਾਲ ਟਾਊਨ ਹਾਲ ਮੀਟਿੰਗਾਂ
    - ਸਕੂਲ ਡਿਸਟ੍ਰਿਕਟ ਬੋਰਡ
    - ਵਿਸ਼ੇਸ਼ ਡਿਸਟ੍ਰਿਕਟ ਬੋਰਡ
    - ਕਾਉਂਟੀ ਸੈਂਟ੍ਰਲ ਕਮੇਟੀਆਂ ਅਤੇ ਰਾਜਨੀਤਿਕ ਕਮੇਟੀਆਂ
    - ਧਰਮ ਅਧਾਰਤ ਭਾਈਚਾਰੇ
    - ਭਾਸ਼ਾਈ ਭਾਈਚਾਰੇ
    - ਪਰਉਪਕਾਰੀ ਸੰਗਠਨ (Rotary, Kiwanis, ਆਦਿ)
    - ਮਰਸੀਡ ਕਾਉਂਟੀ ਜਨਤਕ ਲਾਇਬ੍ਰੇਰੀਆਂ

## 1-C ਵੋਟਰ ਸਿੱਖਿਆ ਅਤੇ ਉਹਨਾਂ ਤਕ ਪਹੁੰਚ ਲਈ ਸਰੋਤਾਂ ਦੀ ਵਰਤੋਂ

EC §4005(a)(10)(I)(i)(VII)

ਮਰਸਡ ਕਾਉਂਟੀ ਇਹ ਯਕੀਨੀ ਬਣਾਉਣ ਲਈ ਲੋੜੀਂਦੇ ਸਰੋਤ ਖਰਚ ਕਰੇਗੀ ਕਿ ਵੋਟਰਾਂ ਨੂੰ ਵੋਟ ਸੈਂਟਰ ਮਾਡਲ (ਵੋਟ ਸੈਂਟਰ ਦਾ ਮਾਡਲ) ਵੋਟਿੰਗ ਪ੍ਰਕਿਰਿਆ ਬਾਰੇ ਸੂਚਿਤ ਕੀਤਾ ਜਾਵੇ।

## 1-D ਵੋਟਰਾਂ ਨਾਲ ਸਿੱਧਾ ਸੰਪਰਕ ਜੋ ਆਉਣ ਵਾਲੀਆਂ ਚੋਣਾਂ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰਨਾ

EC §4005(a)(10)(I)(i)(X)

ਮਰਸਡ ਕਾਉਂਟੀ ਆਉਣ ਵਾਲੀ ਚੋਣ ਅਤੇ ਮਰਸੀਡ ਕਾਉਂਟੀ ਦੀ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦੀ ਉਪਲਬਧਤਾ ਬਾਰੇ ਜਾਣਕਾਰੀ ਦੇਣ ਲਈ ਹਰੇਕ ਰਜਿਸਟਰਡ ਵੋਟਰ ਨੂੰ ਘੱਟੋ-ਘੱਟ ਦੋ ਵਾਰ ਡਾਕ ਦੁਆਰਾ ਸੰਪਰਕ ਕਰੇਗੀ। ਦੋ ਸਿੱਧੇ ਸੰਪਰਕਾਂ ਵਿੱਚ ਪੂਰੀ ਡਾਕ ਰਾਹੀਂ ਬੈਲਟ ਚੋਣ, ਬੈਲਟ ਡ੍ਰਾਪ-ਔਫ਼ ਸਥਾਨ, ਉਪਲਬਧਤਾ ਦੀਆਂ ਤਾਰੀਖਾਂ ਅਤੇ ਸਮੇਂ, ਵੋਟਿੰਗ ਸਹਾਇਤਾ ਕੇਂਦਰ ਦੇ ਸਥਾਨ, ਉਪਲਬਧਤਾ ਦੀਆਂ ਤਾਰੀਖਾਂ ਅਤੇ ਸਮੇਂ, ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ ਸਿਸਟਮ (RAVBM) ਦੀ ਉਪਲਬਧਤਾ ਬਾਰੇ ਜਾਣਕਾਰੀ ਅਤੇ ਆਉਣ ਵਾਲੀਆਂ ਚੋਣਾਂ ਬਾਰੇ ਵਧੇਰੇ ਜਾਣਕਾਰੀ ਸ਼ਾਮਲ ਹੋਵੇਗੀ।

### 1-E ਕਿਸੇ ਵਿਕਲਪਿਕ ਭਾਸ਼ਾ ਜਾਂ ਕਿਸੇ ਪਹੁੰਚਯੋਗ ਫਾਰਮੈਟ VBM ਵਿੱਚ ਸਮੱਗਰੀ ਦੀ ਮੰਗ ਕਰਨ ਲਈ ਡਾਕ-ਭੁਗਤਾਨ ਕੀਤਾ ਪੋਸਟਕਾਰਡ

EC §4005(a)(8)(B)(iii)

ਸਾਰੇ ਰਜਿਸਟਰਡ ਵੋਟਰਾਂ ਨੂੰ ਉਹਨਾਂ ਦੀ ਦੁਭਾਸ਼ੀ ਕਾਉਂਟੀ ਵੋਟਰ ਜਾਣਕਾਰੀ ਗਾਈਡ ਦੇ ਨਾਲ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਸਮੱਗਰੀ ਦੀ ਮੰਗ ਕਰਨ ਅਤੇ ਵਿਕਲਪਿਕ ਰੂਪ ਵਿੱਚ ਡਾਕ ਰਾਹੀਂ ਵੋਟ ਬੈਲਟ ਦੁਆਰਾ ਵਾਸਤੇ ਬੇਨਤੀ ਕਰਨ ਲਈ ਡਾਕ ਭੁਗਤਾਨ ਕੀਤਾ ਪੋਸਟਕਾਰਡ ਪ੍ਰਾਪਤ ਹੋਏਗਾ। ਪੋਸਟ ਕਾਰਡ ਨੂੰ ਭਰ ਕੇ ਵਾਪਸ ਕਰਨ ਲਈ ਨਿਰਦੇਸ਼ ਵੋਟਰ ਜਾਣਕਾਰੀ ਗਾਈਡ ਵਿੱਚ ਅਤੇ ਵੋਟਰਾਂ ਦੇ ਰਜਿਸਟਰਾਰ ਦੀ ਵੈੱਬਸਾਈਟ 'ਤੇ ਸ਼ਾਮਲ ਕੀਤੇ ਜਾਣਗੇ।

ਮਰਸਡ ਕਾਉਂਟੀ ਵੋਟਰਾਂ ਦੇ ਰਜਿਸਟਰਾਰ ਵੈੱਬਸਾਈਟ (www.mercedelections.org) 'ਤੇ ਇੱਕ ਵੋਟਰਾਂ ਦੀ ਚੋਣ ਅਧਿਨਿਯਮ ਲਈ ਸਮਰਪਿਤ ਇੱਕ ਪੰਨਾ ਹੈ। ਜਾਣਕਾਰੀ ਪਹੁੰਚਯੋਗ ਫਾਰਮੈਟਾਂ ਵਿੱਚ ਹੈ (ਜਦੋਂ ਸੰਭਵ ਹੋਵੇ) ਅਤੇ ਜਨਤਕ ਤੌਰ 'ਤੇ ਉਪਲਬਧ ਹੈ। ਇਸ ਵਿੱਚ ਚੋਣ ਪ੍ਰਸ਼ਾਸਨ ਯੋਜਨਾ ਅਤੇ ਵੋਟਰਾਂ ਦੀ ਚੋਣ ਅਧਿਨਿਯਮ ਨਾਲ ਜੁੜੀ ਹੋਰ ਜਾਣਕਾਰੀ ਸ਼ਾਮਲ ਹੈ, ਜਿਸ ਵਿੱਚ ਨਿਯਤ ਕੀਤੀਆਂ ਜਨਤਕ ਪੇਸ਼ਕਾਰੀਆਂ, ਵਿਕਸਿਤ ਕੀਤੇ ਇਨਫੋਗ੍ਰਾਫਿਕਸ, ਜਨਤਕ ਨੋਟਿਸ, ਜਨਤਾ ਨੂੰ ਜਾਗਰੂਕ ਕਰਨ ਲਈ ਵਰਤੀਆਂ ਜਾਣ ਵਾਲੀਆਂ ਸਮੱਗਰੀ ਦੇ ਡਿਜਿਟਲ ਰੂਪ ਅਤੇ LAAC/VAAC ਏਜੰਡੇ, ਵੇਰਵੇ ਅਤੇ ਜਾਣਕਾਰੀ ਸ਼ਾਮਲ ਹੈ। ਵੈੱਬਸਾਈਟ 'ਤੇ ਵੋਟਿੰਗ ਸਹਾਇਤਾ ਕੇਂਦਰ ਵਿੱਚ ਕੰਮ ਕਰਨ ਸਮੇਤ, ਵੋਟ ਪਾਉਣ ਲਈ ਰਜਿਸਟਰ ਹੋਣ ਅਤੇ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਬਾਰੇ ਜਾਣਕਾਰੀ ਵੀ ਸ਼ਾਮਲ ਹੈ। ਵੈੱਬਸਾਈਟ 'ਤੇ ਮਿਲਣ ਵਾਲੀ ਵਧੇਰੇ ਜਾਣਕਾਰੀ ਬਾਰੇ ਇਸ ਯੋਜਨਾ ਦੇ ਢੁਕਵੇਂ ਭਾਗਾਂ ਵਿੱਚ ਦੱਸਿਆ ਗਿਆ ਹੈ।

### ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਦੇ ਨਾਲ ਸਿੱਖਿਆ ਅਤੇ ਆਉਟਰੀਚ

EC §4005(a)(10)(I)(i)(I)

ਵੋਟਰਾਂ ਦੇ ਰਜਿਸਟਰਾਰ ਨੇ ਗੈਰ-ਅੰਗਰੇਜ਼ੀ ਤਰਜੀਹ ਵਾਲੇ ਵੋਟਰਾਂ ਦੁਆਰਾ ਚੋਣ ਪ੍ਰਕਿਰਿਆ ਤੱਕ ਪਹੁੰਚ ਨਾਲ ਜੁੜੇ ਸੰਘੀ ਅਤੇ ਰਾਜ ਦੇ ਕਾਨੂੰਨਾਂ ਨੂੰ ਲਾਗੂ ਕਰਨ ਬਾਰੇ ਸਲਾਹ ਅਤੇ ਸਹਾਇਤਾ ਲਈ ਅਕਤੂਬਰ 2017 ਵਿੱਚ ਇਕ ਭਾਸ਼ਾ ਐਕਸੈਸਬਿਲਟੀ ਐਡਵਾਈਜ਼ਰੀ ਕਮੇਟੀ (LAAC) ਦੀ ਸਥਾਪਨਾ ਕੀਤੀ। LAAC ਵਿੱਚ ਸਥਾਨਕ ਵਸਨੀਕ ਸ਼ਾਮਲ ਹੁੰਦੇ ਹਨ ਜੋ ਕਾਉਂਟੀ ਦੇ ਘੱਟ ਗਿਣਤੀ ਭਾਸ਼ਾਈ ਭਾਈਚਾਰਿਆਂ ਦੀ ਵਕਾਲਤ ਕਰਦੇ ਹਨ।

### 1-F ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਬਾਰੇ ਸੂਚਿਤ ਕਰੋ ਅਤੇ ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਸੇਵਾ ਦੇਣ ਵਾਲੇ ਮੀਡੀਆ ਦੇ ਨਾਲ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਦਾ ਪ੍ਰਚਾਰ ਕਰੋ

EC §4005(a)(10)(I)(i)(I)

ਭਾਸ਼ਾਈ ਤੌਰ 'ਤੇ ਘੱਟ ਗਿਣਤੀ ਭਾਈਚਾਰਿਆਂ ਨਾਲ ਵੋਟ ਸੈਂਟਰ ਦੇ ਮਾਡਲ, ਵੋਟਿੰਗ ਦੇ ਵਿਕਲਪਾਂ ਅਤੇ ਸਹਾਇਤਾ ਲਈ ਟੋਲ-ਫ੍ਰੀ ਵੋਟਰ ਸਹਾਇਤਾ ਹੌਟਲਾਈਨ ਬਾਰੇ ਕਈ ਤਰੀਕਿਆਂ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ ਜਿਨ੍ਹਾਂ ਵਿੱਚ ਸ਼ਾਮਲ ਹਨ:

- ਟੈਲੀਵਿਜ਼ਨ (ਸਟੇਸ਼ਨ ਨਿਯਤ ਕੀਤੇ ਜਾਣੇ ਹਨ) *
- ਅਖ਼ਬਾਰਾਂ (ਮਰਸੀਡ ਕਾਉਂਟੀ ਵਿੱਚ ਆਮ ਸਰਕੁਲੇਸ਼ਨ ਵਾਲੀਆਂ ਨਿਰਣਾਇਕ ਅਖ਼ਬਾਰਾਂ): (ਮਰਸਡ ਸਨਸਟਾਰ, ਮਰਸਡ ਕਾਉਂਟੀ ਟਾਈਮ )
- ਰੇਡੀਓ (ਸਟੇਸ਼ਨ ਨਿਰਧਾਰਤ ਕੀਤੇ ਜਾਣੇ ਹਨ) *
- ਸੋਸ਼ਲ ਮੀਡੀਆ ਅਤੇ ਵਿਭਾਗ ਦੀ ਵੈੱਬਸਾਈਟ @MercedCountyROV www.mercedelections.org

- ਅਜਿਹੇ ਸਮੂਹਾਂ ਨਾਲ ਸਮੱਗਰੀਆਂ ਨੂੰ ਸਾਂਝਾ ਕਰਨਾ ਜਿਵੇਂ ਕਿ ਭਾਈਚਾਰਕ ਭਾਈਵਾਲ, ਉਹਨਾਂ ਦੇ ਨਿਊਜ਼ਲੈਟਰਾਂ ਲਈ ਚੁਣੇ ਗਏ ਅਧਿਕਾਰੀ, ਸ਼ਹਿਰ, ਵਿਸ਼ੇਸ਼ ਡਿਸਟ੍ਰਿਕਟਾਂ, ਸਕੂਲ ਡਿਸਟ੍ਰਿਕਟਾਂ, ਕਮਿਊਨਿਟੀ ਅਧਾਰਤ ਸੰਗਠਨ, ਧਰਮ-ਅਧਾਰਤ ਸੰਗਠਨ, ਅਤੇ ਜਨਤਕ ਸੂਚਨਾ ਅਧਿਕਾਰੀ
- ਮੀਡੀਆ ਉਪਲਬਧਤਾ ਸੈਸ਼ਨ
- ਜਨਤਕ ਸੇਵਾ ਘੋਸ਼ਣਾਵਾਂ, ਵਿਆਪਕ ਤੌਰ 'ਤੇ ਕਾਉਂਟੀ ਨੂੰ ਸੇਵਾ ਦੇਣ ਵਾਲੀਆਂ ਆਉਟਲੈਟਾਂ ਨੂੰ ਵੰਡੀਆਂ ਜਾਂਦੀਆਂ ਹਨ
- ਕਾਉਂਟੀ ਵਿਭਾਗ (ਜਿਵੇਂ ਹਿਊਮਨ ਸਰਵਿਸਿਜ਼ ਏਜੰਸੀ, ਵੈਟਰਨ ਸਰਵਿਸਿਜ਼, ਪ੍ਰੋਬੇਸ਼ਨ, ਅਤੇ ਚਾਈਲਡ ਸਪੋਰਟ ਸਰਵਿਸਿਜ਼)

***** ਮਰਸਡ ਕਾਉਂਟੀ ਵਿੱਚ ਸਥਾਨਕ ਟੈਲੀਵਿਜ਼ਨ ਸਟੇਸ਼ਨ ਨਹੀਂ ਹਨ ਜੋ ਮੁੱਖ ਤੌਰ 'ਤੇ ਮਰਸੀਡ ਕਾਉਂਟੀ ਦੇ ਵਸਨੀਕਾਂ ਨੂੰ ਸੇਵਾ ਦਿੰਦੇ ਹਨ। ਇਸ ਦੀ ਬਜਾਏ, ਮਰਸੀਡ ਕਾਉਂਟੀ ਦੇ ਵਸਨੀਕਾਂ ਨੂੰ ਖੇਤਰੀ ਟੈਲੀਵਿਜ਼ਨ ਸਟੇਸ਼ਨਾਂ ਦੁਆਰਾ ਸੇਵਾ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਫਰੈਜ਼ਨੋ ਵਿੱਚ ਸਥਿਤ ਹਨ ਅਤੇ ਵਿਆਪਕ ਸੈਂਟ੍ਰਲ ਵੈਲੀ ਖੇਤਰ ਨੂੰ ਸੇਵਾ ਦਿੰਦੇ ਹਨ।**

***ਇਸ ਸੀਮਾ ਨੂੰ ਘਟਾਉਣ ਲਈ, ਮਰਸੀਡ ਕਾਉਂਟੀ ਰਜਿਸਟਰਾਰ ਦੇ ਦਫਤਰ ਨੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਇੱਕ ਤੀਬਰ ਕੋਸ਼ਿਸ਼ ਸ਼ੁਰੂ ਕੀਤੀ ਹੈ, ਜਿਵੇਂ ਕਿ ਸਾਡੀ VAAC ਅਤੇ LAAC ਮੀਟਿੰਗਾਂ ਦੌਰਾਨ ਹਿੱਤਧਾਰਕਾਂ ਦੁਆਰਾ ਸੁਝਾਏ ਗਏ ਸਨ। ਹਿੱਤਧਾਰਕਾਂ ਨੇ ਸੰਕੇਤ ਦਿੱਤਾ ਹੈ ਕਿ ਉਹਨਾਂ ਦੇ ਭਾਈਚਾਰਿਆਂ ਦੇ ਵੋਟਰਾਂ ਦੁਆਰਾ ਉਹਨਾਂ ਸਥਾਨਕ ਸੰਸਥਾਵਾਂ, ਸਮੂਹਾਂ ਅਤੇ ਏਜੰਸੀਆਂ ਦੁਆਰਾ ਕਰਵਾਏ ਜਾ ਰਹੇ ਪਹੁੰਚ ਕਾਰਜਾਂ 'ਤੇ ਪ੍ਰਤਿਕਿਰਿਆ ਕਰਨ ਦੀ ਜ਼ਿਆਦਾ ਸੰਭਾਵਨਾ ਹੈ ਜਿਨ੍ਹਾਂ ਨਾਲ ਉਹਨਾਂ ਦੇ ਪਹਿਲਾਂ ਤੋਂ ਹੀ ਮੌਜੂਦਾ ਸੰਬੰਧ ਹਨ। ਇਸ ਤਰ੍ਹਾਂ, ਰਜਿਸਟਰਾਰ ਦੇ ਦਫਤਰ ਦੀ ਭਾਈਚਾਰਕ ਭਾਈਵਾਲਾਂ ਦੇ ਨਾਲ ਪ੍ਰਸਤੁਤੀਆਂ ਕਰਨ ਦੀ ਯੋਜਨਾ ਹੈ। ਰਜਿਸਟਰਾਰ ਦੀ ਵੈੱਬਸਾਈਟ 'ਤੇ ਵੀ ਅਜਿਹੀ ਹੀ ਸੂਚੀ ਹੋਵੇਗੀ ਜਿਸ ਨੂੰ ਨਿਯਮਿਤ ਤੌਰ 'ਤੇ ਅਪਡੇਟ ਕੀਤਾ ਜਾਵੇਗੀ, ਜਿਸ ਨਾਲ ਦਿਲਚਸਪੀ ਰੱਖਣ ਵਾਲੀਆਂ ਧਿਰਾਂ ਨੂੰ ਇਹ ਚੁਣਨ ਦਾ ਮੌਕਾ ਮਿਲੇਗਾ ਕਿ ਉਹ ਕਦੋਂ ਅਤੇ ਕਿੱਥੇ ਹਿੱਸਾ ਲੈ ਸਕਦੇ ਹਨ।***

***ਗੈਰ-ਅੰਗਰੇਜ਼ੀ ਤਰਜੀਹ ਵਾਲੇ ਵੋਟਰਾਂ ਤੱਕ ਪਹੁੰਚ ਕਰਨ ਲਈ ਵਰਤੇ ਜਾਣ ਵਾਲੇ ਖਾਸ ਮੀਡੀਆ ਆਉਟਲੈਟਾਂ ਨੂੰ ਹਾਲੇ ਨਿਰਧਾਰਤ ਕੀਤਾ ਜਾਣਾ ਹੈ। ਨਿਰਧਾਰਨ ਉਪਲਬਧ ਸਰੋਤਾਂ, ਮੀਡੀਆ ਸਰੋਤਿਆਂ ਅਤੇ ਤਜਰਬੇ ਦੇ ਅਧਾਰ 'ਤੇ ਭਾਸ਼ਾ ਪਹੁੰਚਯੋਗਤਾ ਸਲਾਹਕਾਰੀ ਕਮੇਟੀ ਨਾਲ ਸਲਾਹ ਵਿੱਚ ਕੀਤਾ ਜਾਵੇਗਾ।***

ਇਸ ਤੋਂ ਇਲਾਵਾ, ਮਰਸੀਡ ਕਾਉਂਟੀ ਕੇਬਲ ਅਤੇ ਸੈਟੇਲਾਈਟ ਟੈਲੀਵਿਜ਼ਨ ਪ੍ਰਦਾਤਾਵਾਂ ਨੂੰ ਵੰਡਣ ਲਈ ਟੀਚਾਗਤ ਟੈਲੀਵਿਜ਼ਨ ਜਨਤਕ ਸੇਵਾ ਘੋਸ਼ਣਾਵਾਂ (Public Service Announcements, PSA) ਬਾਰੇ ਸੈਕ੍ਰੇਟਰੀ ਔਫ਼ ਸਟੇਟ ਦੇ ਦਫਤਰ ਨਾਲ ਤਾਲਮੇਲ ਕਰੇਗੀ। ਉਮੀਦ ਕੀਤੀ ਜਾਂਦੀ ਹੈ ਕਿ ਇਹ PSA ਸਿਰਫ ਮਰਸੀਡ ਕਾਉਂਟੀ ਦੇ ਸਰੋਤਿਆਂ ਤੱਕ ਪਹੁੰਚ ਕਰਨਗੇ। ਇਸ ਵਿਧੀ ਨਾਲ, ਜਿੱਥੇ ਸਕ ਸੰਭਵ ਹੋ ਸਕੇ, ਵੋਟਰਾਂ ਲਈ ਉਲਝਣ ਨੂੰ ਘੱਟ ਤੋਂ ਘੱਟ ਕਰਦੇ ਹੋਏ ਟੈਲੀਵੀਜ਼ਨ ਮੀਡੀਆ ਦੀ ਵਰਤੋਂ ਕੀਤੀ ਜਾ ਸਕੇਗੀ।

### 1-G ਭਾਸ਼ਾਈ ਤੌਰ 'ਤੇ ਘੱਟ ਗਿਣਤੀ ਵੋਟਰਾਂ ਨੂੰ ਪਛਾਣਨਾ

EC §4005(a)(10)(I)(i)(V)

ਵੋਟਰਾਂ ਦਾ ਰਜਿਸਟਰਾਰ ਭਾਸ਼ਾਈ ਤੌਰ 'ਤੇ ਘੱਟ ਗਿਣਤੀ ਵੋਟਰਾਂ ਦੀ ਪਛਾਣ ਕਰਨ ਲਈ ਉਹਨਾਂ ਦੇ ਵੋਟਰ ਰਜਿਸਟ੍ਰੇਸ਼ਨ ਫਾਰਮ 'ਤੇ ਦਿਖਾਈ ਗਈ ਵੋਟਰ ਦੀ ਭਾਸ਼ਾ ਦੀ ਤਰਜੀਹ ਬਾਰੇ ਚੋਣ ਦੀ ਵਰਤੋਂ ਕਰਦਾ ਹੈ। ਆਪਣੀ ਭਾਸ਼ਾ ਦੀ ਪਸੰਦ ਨੂੰ ਅਪਡੇਟ ਕਰਨ ਲਈ ਟੈਲੀਫ਼ੋਨ ਜਾਂ ਈਮੇਲ ਰਾਹੀ ਸਾਡੇ ਨਾਲ ਸੰਪਰਕ ਕਰ ਸਕਦੇ ਹਨ ਜਾਂ ਕਿਸੇ ਚੋਣ ਦੇ ਦੌਰਾਨ ਪ੍ਰਿਸਿੰਕਟ ਅਧਿਕਾਰੀ ਨੂੰ ਆਪਣੀ ਭਾਸ਼ਾ ਤਰਜੀਹ ਦੱਸ ਸਕਦੇ ਹਨ। ਇਸ ਤੋਂ ਇਲਾਵਾ, ਰਜਿਸਟਰਾਰ ਦੁਆਰਾ ਤਿਆਰ ਜ਼ਿਆਦਾਤਰ ਵੋਟਰ ਜਾਣਕਾਰੀ ਅੰਗਰੇਜ਼ੀ ਅਤੇ ਸਪੈਨਿਸ਼ ਦੋਵਾਂ ਵਿੱਚ ਛਾਪੀ ਜਾਂਦੀ ਹੈ।

### 1-H ਘੱਟ ਗਿਣਤੀ ਭਾਸ਼ਾਈ ਵੋਟਰਾਂ ਲਈ ਵੋਟਰ ਸਿੱਖਿਆ ਵਰਕਸ਼ਾਪ

EC §4005(a)(10)(I)(i)(VI), EC §4005(a)(10)(I)(i)(VI)(ia)

ਵੋਟਰਾਂ ਦਾ ਰਜਿਸਟਰਾਰ ਮਰਸੀਡ ਕਾਉਂਟੀ ਦੀ ਹਰੇਕ ਸੰਘੀ ਅਤੇ ਰਾਜ ਦੁਆਰਾ ਲੋੜੀਂਦੀਆਂ ਭਾਸ਼ਾਵਾਂ ਲਈ ਦੁਭਾਸ਼ੀ ਵੋਟਰ ਸਿੱਖਿਆ ਵਰਕਸ਼ਾਪ ਆਯੋਜਿਤ ਕਰੇਗਾ। ਇਸ ਯੋਜਨਾ ਨੂੰ ਤਿਆਰ ਕਰਦੇ ਸਮੇਂ, ਮਰਸੀਡ ਦੀਆਂ ਲੋੜੀਂਦੀਆਂ ਭਾਸ਼ਾਵਾਂ, ਅੰਗ੍ਰੇਜ਼ੀ ਅਤੇ ਇਲਾਵਾ ਸਪੈਨਿਸ਼, ਚੀਨੀ, ਹਮੌਂਗ, ਮੀਅਨ ਅਤੇ ਪੰਜਾਬੀ ਹਨ।

ਇਹ ਵਰਕਸ਼ਾਪਾਂ 2022 ਦੇ ਸ਼ੁਰੂ ਵਿੱਚ ਆਯੋਜਿਤ ਕੀਤੀਆਂ ਜਾਣਗੀਆਂ ਅਤੇ ਕਾਉਂਟੀ ਦੇ ਭਾਸ਼ਾਈ ਭਾਈਚਾਰਿਆਂ ਨੂੰ ਵੋਟ ਸੈਂਟਰ ਮਾਡਲ ਵੋਟਿੰਗ ਪ੍ਰਕਿਰਿਆ ਤੋਂ ਇਲਾਵਾ, ਨਿਸ਼ਚਿਤ ਭਾਸ਼ਾ ਵਿੱਚ ਉਪਲਬਧ ਸਮੱਗਰੀ ਅਤੇ ਸਹਾਇਤਾ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਦੇਣਗੀਆਂ। ਸਾਰੀਆਂ ਵਰਕਸ਼ਾਪਾਂ ਵਿੱਚ ਹਾਜ਼ਰ ਹੋਣ ਵਾਲਿਆਂ ਦੀ ਸਹਾਇਤਾ ਕਰਨ ਲਈ ਭਾਸ਼ਾ-ਸੰਬੰਧੀ ਦੁਭਾਸ਼ੀਏ ਹੋਣਗੇ। ਵਰਕਸ਼ਾਪ ਸਮਾਗਮਾਂ ਬਾਰੇ ਜਾਣਕਾਰੀ ਮੀਟਿੰਗ ਦੀ ਮਿਤੀ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਘੋਸ਼ਿਤ ਕੀਤੀ ਜਾਵੇਗੀ।

**1-I ਘੱਟ-ਗਿਣਤੀ ਭਾਸ਼ਾਈ ਨਾਗਰਿਕਾਂ ਲਈ ਜਨਤਕ ਸੇਵਾ ਘੋਸ਼ਣਾ**
EC §4005(a)(10)(I)(i)(IX)

ਮਰਸਡ ਕਾਉਂਟੀ ਵੋਟਰਾਂ ਦਾ ਰਜਿਸਟਰਾਰ ਘੱਟ ਗਿਣਤੀ ਭਾਸ਼ਾਈ ਭਾਈਚਾਰਿਆਂ ਦੇ ਵੋਟਰਾਂ ਨੂੰ ਆਉਣ ਵਾਲੀਆਂ ਚੋਣਾਂ ਅਤੇ ਟੋਲ-ਫ੍ਰੀ ਵੋਟਰ ਸਹਾਇਤਾ ਦੀ ਹੌਟਲਾਈਨ ਬਾਰੇ ਸੂਚਿਤ ਕਰਨ ਲਈ ਜਨਤਕ ਸੇਵਾ ਘੋਸ਼ਣਾਵਾਂ (PSA) ਦੀ ਵਰਤੋਂ ਕਰੇਗਾ। PSA ਘੱਟ ਗਿਣਤੀ ਭਾਸ਼ਾ ਦੇ ਟੈਲੀਵਿਜ਼ਨ, ਰੇਡੀਓ ਅਤੇ ਅਖ਼ਬਾਰਾਂ ਦੁਆਰਾ ਵੰਡੇ ਜਾਣਗੇ।

**ਅਸਮਰਥਤਾ ਭਾਈਚਾਰਿਆਂ ਦੇ ਨਾਲ ਸਿੱਖਿਆ ਅਤੇ ਆਉਟਰੀਚ**
EC §4005(a)(10)(A)(ii)

ਮਰਸਡ ਕਾਉਂਟੀ ਵੋਟਰਾਂ ਦੇ ਰਜਿਸਟਰਾਰ ਨੇ ਅਸਮਰਥਤਾਵਾਂ ਵਾਲੇ ਵੋਟਰਾਂ ਦੁਆਰਾ ਚੋਣ ਪ੍ਰਕਿਰਿਆ ਤਕ ਪਹੁੰਚ ਬਾਰੇ ਸਲਾਹ ਦੇਣ ਅਤੇ ਸਹਾਇਤਾ ਕਰਨ ਲਈ ਅਕਤੂਬਰ 2017 ਵਿੱਚ ਇਕ ਵੋਟਿੰਗ ਐਕਸੈਸਬਿਲਟੀ ਐਡਵਾਈਜ਼ਰੀ ਕਮੇਟੀ (VAAC) ਦੀ ਸਥਾਪਨਾ ਕੀਤੀ ਸੀ। VAAC ਵਿੱਚ ਸਥਾਨਕ ਵਸਨੀਕ ਸ਼ਾਮਲ ਹਨ ਜੋ ਅਸਮਰਥਤਾ ਵਾਲੇ ਭਾਈਚਾਰੇ ਦੀ ਵਕਾਲਤ ਕਰਦੇ ਹਨ। ਵੱਖ-ਵੱਖ ਸੰਗਠਨਾਂ ਨੂੰ ਇਹਨਾਂ ਮੀਟਿੰਗਾਂ ਲਈ ਸੱਦਿਆ ਜਾਂਦਾ ਹੈ ਜਿਵੇਂ ਕਿ: ਸੈਂਟਰ ਔਫ਼ ਵਿਜ਼ਨ ਏਨਹੈਂਸਮੈਂਟ (COVE), ਸੇਰੇਬ੍ਰਲ ਪਾਲਸੀ ਐਸੋਸੀਏਸ਼ਨ, ਡਿਪਾਰਟਮੈਂਟ ਔਫ਼ ਰਿਹੈਬਿਲਿਟੇਸ਼ਨ (Department of Rehabilitation, DOR) ਅਤੇ ਮਰਸੀਡ ਕਾੱਲਜ ਡਿਸਏਬਲਡ ਸਟੂਡੰਟ ਪ੍ਰੋਗਰਾਮ ਅਤੇ ਸਰਵਿਸਿਜ਼ ਅਤੇ ਕਈ ਹੋਰ। ਸਾਡੇ ਪਹੁੰਚਯੋਗਤਾ ਡਿਵਾਈਸਾਂ ਦੇ ਵਿਅਕਤੀਗਤ ਪ੍ਰਦਰਸ਼ਨਾਂ ਦੀ ਪੇਸ਼ਕਸ਼ ਕਰਨ ਲਈ ਅਸੀਂ ਲਗਾਤਾਰ ਸੈਂਟਰ ਔਫ਼ ਵਿਜ਼ਨ ਏਨਹੈਂਸਮੈਂਟ (Center of Vision Enhancement, COVE) ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖ ਰਹੇ ਹਾਂ। ਹਰੇਕ ਚੋਣ ਵਿੱਚ ਅਸੀਂ ਨਜ਼ਰ ਦੀ ਕਮਜ਼ੋਰੀ ਵਾਲੇ ਵੋਟਰਾਂ ਦੀ ਉਹਨਾਂ ਦੇ ਬੈਲਟ 'ਤੇ ਨਿਸ਼ਾਨ ਲਗਾਉਣ ਵਿੱਚ ਸਹਾਇਤਾ ਕਰਨ ਲਈ ਡਿਵਾਈਸ ਤਕ ਪਹੁੰਚ ਲਈ COVE ਨੂੰ ਉਹਨਾਂ ਦੇ ਟਿਕਾਣਿਆਂ 'ਤੇ ਇੱਕ ਐਕਸਪ੍ਰੈਸ-ਵੋਟ ਪੇਸ਼ ਕਰਦੇ ਹਾਂ।

**1-J ਵੈੱਬਸਾਈਟ 'ਤੇ ਜਨਤਕ ਤੌਰ 'ਤੇ ਪਹੁੰਚਯੋਗ ਜਾਣਕਾਰੀ ਉਪਲਬਧ ਹੈ**

EC §4005(a)(10)(I)(i)(IV)

ਮਰਸਡ ਕਾਉਂਟੀ ਵੋਟਰਾਂ ਦਾ ਰਜਿਸਟਰਾਰ ਵੈੱਬਸਾਈਟ (www.mercedelections.org) 'ਤੇ ਜਾਣਕਾਰੀ ਪਹੁੰਚਯੋਗ ਫਾਰਮੈਟਾਂ ਵਿੱਚ ਹੈ ਅਤੇ ਜਨਤਕ ਤੌਰ 'ਤੇ ਉਪਲਬਧ ਹੈ। ਇਸ ਵਿੱਚ ਚੋਣ ਪ੍ਰਸ਼ਾਸਨ ਯੋਜਨਾ ਅਤੇ ਵੋਟਰਾਂ ਦੀ ਵੋਟਰਾਂ ਦੀ ਚੋਣ ਅਧਿਨਿਯਮ ਨਾਲ ਜੁੜੀ ਹੋਰ ਜਾਣਕਾਰੀ ਦੇ ਨਾਲ-ਨਾਲ ਵੋਟ ਪਾਉਣ ਲਈ ਰਜਿਸਟਰ ਹੋਣ ਅਤੇ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਬਾਰੇ ਜਾਣਕਾਰੀ ਸ਼ਾਮਲ ਹੈ। ਚੋਣ-ਸੰਬੰਧੀ ਜਾਣਕਾਰੀ ਵੈੱਬਸਾਈਟ 'ਤੇ ਪਹੁੰਚਯੋਗ ਫਾਰਮੈਟ ਵਿੱਚ ਵੀ ਉਪਲਬਧ ਹੈ। ਮੁਹੱਈਆ ਕੀਤੀ ਜਾਣ ਵਾਲੀ ਜਾਣਕਾਰੀ ਵਿੱਚ ਹੇਠ ਲਿਖੀਆਂ ਗੱਲਾਂ ਸ਼ਾਮਲ ਹੋਣਗੀਆਂ:

- ਸਾਰੇ ਵੋਟਰਾਂ ਨੂੰ ਡਾਕ-ਰਾਹੀਂ-ਵੋਟ (VBM) ਬੈਲਟ ਮਿਲੇਗਾ।
- ਕਿਸੇ ਵੀ ਵੋਟਿੰਗ ਸਹਾਇਤਾ ਕੇਂਦਰ ਵਿਖੇ ਪਹੁੰਚਯੋਗ ਵੋਟਿੰਗ ਡਿਵਾਈਸ ਦੀ ਵਰਤੋਂ ਕਰਨ ਦਾ ਵਿਕਲਪ, ਅਤੇ ਡਿਵਾਈਸ ਨੂੰ ਵਰਤਣ ਦਾ ਤਰੀਕਾ।
- ਕਾਉਂਟੀ ਦੇ ਦੂਰੋਂ ਪਹੁੰਚਯੋਗ ਡਾਕ ਰਾਹੀਂ ਵੋਟ (RAVBM) ਪ੍ਰੋਗਰਾਮ ਰਾਹੀਂ ਪਹੁੰਚਯੋਗ ਬੈਲਟ ਲਈ ਬੇਨਤੀ ਕਰਨ, ਉਸ 'ਤੇ ਨਿਸ਼ਾਨ ਲਗਾਉਣ ਅਤੇ ਜਮ੍ਹਾਂ ਕਰਨ ਦਾ ਤਰੀਕਾ।

**1-K ਇਸ ਬਾਰੇ ਵਰਣਨ ਕਿ ਕਾਉਂਟੀ ਚੋਣ ਅਧਿਕਾਰੀ ਜਨਤਾ ਨੂੰ ਇਸ ਭਾਗ ਦੇ ਪ੍ਰਾਵਧਾਨਾਂ ਬਾਰੇ ਕਿਵੇਂ ਸਿੱਖਿਅਤ ਕਰਨਗੇ ਅਤੇ ਜਾਣਕਾਰੀ ਦੇਣਗੇ, ਜਿਸ ਵਿੱਚ ਸ਼ਾਮਲ ਹੈ: ਅਸਮਰਥ ਭਾਈਚਾਰਾ, ਉਹਨਾਂ ਸੰਗਠਨਾਂ ਅਤੇ ਵਿਅਕਤੀਆਂ ਸਮੇਤ ਜੋ ਅਸਮਰਥ ਵਿਅਕਤੀਆਂ ਦੀ ਤਰਫ਼ੋਂ ਵਕਾਲਤ ਕਰਦੇ ਹਨ ਜਾਂ ਉਹਨਾਂ ਨੂੰ ਸੇਵਾਵਾਂ ਮੁਹੱਈਆ ਕਰਦੇ ਹਨ। ਕਾਉਂਟੀ ਚੋਣ ਅਧਿਕਾਰੀ ਅਸਮਰਥਤਾ ਵਾਲੇ ਯੋਗ ਵੋਟਰਾਂ ਦੀ ਪਹੁੰਚ ਅਤੇ ਭਾਗੀਦਾਰੀ ਵਿੱਚ ਵਾਧਾ ਕਰਨ ਲਈ ਘੱਟੋ-ਘੱਟ ਇੱਕ ਵੋਟਰ ਸਿੱਖਿਆ ਵਰਕਸ਼ਾਪ ਦਾ ਆਯੋਜਨ ਕਰਨਗੇ।**

EC §4005(a)(10)(I)(i)(VI), §4005(a)(10)(I)(i)(VI)(ib)

ਅਸਮਰਥ ਭਾਈਚਾਰੇ ਨਾਲ ਜਾਣਕਾਰੀ ਸਾਂਝੀ ਕਰਨਾ, ਵੋਟ ਬਾਰੇ ਜਾਣਕਾਰੀ ਸਮੇਤ ਸੈਂਟਰ ਦਾ ਮਾਡਲ, RAVBM ਸਮੇਤ, ਵੋਟ ਪਾਉਣ ਦੇ ਵਿਕਲਪ, ਅਤੇ ਸਹਾਇਤਾ ਲਈ ਟੋਲ-ਫ੍ਰੀ ਵੋਟ ਪਹੁੰਚਯੋਗ ਹੌਟਲਾਈਨ ਨੂੰ ਆਯੋਜਿਤ ਕੀਤਾ ਜਾਵੇਗਾ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਟੈਲੀਵਿਜ਼ਨ (ਸਟੇਸ਼ਨ ਨਿਯਤ ਕੀਤੇ ਜਾਣੇ ਹਨ)
- ਅਖ਼ਬਾਰਾਂ (ਮਰਸੀਡ ਕਾਉਂਟੀ ਵਿੱਚ ਆਮ ਸਰਕੁਲੇਸ਼ਨ ਵਾਲੀਆਂ ਨਿਰਣਾਇਕ ਅਖ਼ਬਾਰਾਂ)
- ਰੇਡੀਓ (ਸਟੇਸ਼ਨ ਨਿਯਤ ਕੀਤੇ ਜਾਣੇ ਹਨ) *
- ਸੋਸ਼ਲ ਮੀਡੀਆ ਅਤੇ ਵਿਭਾਗ ਦੀ ਵੈੱਬਸਾਈਟ @MercedCountyROV www.mercedelections.org
- ਅਜਿਹੇ ਸਮੂਹਾਂ ਨਾਲ ਸਮੱਗਰੀਆਂ ਨੂੰ ਸਾਂਝਾ ਕਰਨਾ ਜਿਵੇਂ ਕਿ ਭਾਈਚਾਰਕ ਭਾਈਵਾਲ, ਉਹਨਾਂ ਦੇ ਨਿਊਜ਼ਲੈਟਰਾਂ ਲਈ ਚੁਣੇ ਗਏ ਅਧਿਕਾਰੀ, ਸ਼ਹਿਰ, ਵਿਸ਼ੇਸ਼ ਡਿਸਟ੍ਰਿਕਟਾਂ, ਸਕੂਲ ਡਿਸਟ੍ਰਿਕਟਾਂ, ਕਮਿਊਨਿਟੀ ਅਧਾਰਤ ਸੰਗਠਨ, ਧਰਮ-ਅਧਾਰਤ ਸੰਗਠਨ, ਅਤੇ ਜਨਤਕ ਸੂਚਨਾ ਅਧਿਕਾਰੀ
- ਮੀਡੀਆ ਉਪਲਬਧਤਾ ਸੈਸ਼ਨ
- ਜਨਤਕ ਸੇਵਾ ਘੋਸ਼ਣਾਵਾਂ, ਵਿਆਪਕ ਤੌਰ 'ਤੇ ਕਾਉਂਟੀ ਨੂੰ ਸੇਵਾ ਦੇਣ ਵਾਲੀਆਂ ਆਉਟਲੈਟਾਂ ਨੂੰ ਵੰਡੀਆਂ ਜਾਂਦੀਆਂ ਹਨ
- ਕਾਉਂਟੀ ਵਿਭਾਗ (ਜਿਵੇਂ ਹਿਊਮਨ ਸਰਵਿਸਿਜ਼ ਏਜੰਸੀ, ਵੈਟਰਨ ਸਰਵਿਸਿਜ਼, ਪ੍ਰੋਬੇਸ਼ਨ, ਅਤੇ ਚਾਈਲਡ ਸਪੋਰਟ ਸਰਵਿਸਿਜ਼)

ਲਾਗੂ ਹੋਣ 'ਤੇ, PSA ਕਮਜ਼ੋਰ ਨਜ਼ਰ ਅਤੇ/ਜਾਂ ਸੁਣਨ ਵਿੱਚ ਮੁਸ਼ਕਿਲਾਂ ਵਾਲੇ ਵੋਟਰਾਂ ਲਈ ਪਹੁੰਚਯੋਗ ਹੋਣਗੇ।

ਇਸ ਤੋਂ ਇਲਾਵਾ, ਮਰਸੀਡ ਕਾਉਂਟੀ ਕੇਬਲ ਅਤੇ ਸੈਟੇਲਾਈਟ ਟੈਲੀਵਿਜ਼ਨ ਪ੍ਰਦਾਤਾਵਾਂ ਨੂੰ ਵੰਡਣ ਲਈ ਟੀਚਾਗਤ ਟੈਲੀਵਿਜ਼ਨ PSA ਬਾਰੇ ਸੈਕ੍ਰੇਟਰੀ ਔਫ਼ ਸਟੇਟ ਦੇ ਦਫਤਰ ਨਾਲ ਤਾਲਮੇਲ ਕਰੇਗੀ। ਉਮੀਦ ਕੀਤੀ ਜਾਂਦੀ ਹੈ ਕਿ ਇਹ PSA ਸਿਰਫ ਮਰਸੀਡ ਕਾਉਂਟੀ ਦੇ ਸਰੋਤਿਆਂ ਤੱਕ ਪਹੁੰਚ ਕਰਨਗੇ। ਇਸ ਵਿਧੀ ਨਾਲ, ਜਿੱਥੇ ਸਕ ਸੰਭਵ ਹੋ ਸਕੇ, ਵੋਟਰਾਂ ਲਈ ਉਲਝਣ ਨੂੰ ਘੱਟ ਤੋਂ ਘੱਟ ਕਰਦੇ ਹੋਏ ਟੈਲੀਵੀਜ਼ਨ ਮੀਡੀਆ ਦੀ ਵਰਤੋਂ ਕੀਤੀ ਜਾ ਸਕੇਗੀ।

ਮਰਸਡ ਕਾਉਂਟੀ ਵੋਟਰਾਂ ਦਾ ਰਜਿਸਟਰਾਰ 2022 ਦੇ ਸ਼ੁਰੂ ਵਿੱਚ ਅਸਮਰਥਤਾ ਵਾਲੇ ਯੋਗ ਵੋਟਰਾਂ ਦੀ ਪਹੁੰਚ ਅਤੇ ਭਾਗੀਦਾਰੀ ਵਿੱਚ ਵਾਧਾ ਕਰਨ ਲਈ ਇੱਕ ਵੋਟਰ ਸਿੱਖਿਆ ਵਰਕਸ਼ਾਪ ਦਾ ਆਯੋਜਨ ਕਰੇਗਾ। ਵਰਕਸ਼ਾਪ ਵਿੱਚ ਵੋਟ ਸੈਂਟਰ ਮਾਡਲ ਬਾਰੇ ਸਿੱਖਿਆ, ਨਵੇਂ ਵੋਟਿੰਗ ਉਪਕਰਣਾਂ ਦੇ ਪ੍ਰਦਰਸ਼ਨ, ਵੋਟਿੰਗ ਉਪਕਰਣਾਂ ਦੀ ਪਹੁੰਚਯੋਗਤਾ, ਬੈਲਟ ਡ੍ਰਾਪ-ਔਫ਼ ਬਾਰੇ ਜਾਣਕਾਰੀ ਅਤੇ ਪਹੁੰਚਯੋਗ ਡਾਕ ਰਾਹੀਂ ਵੋਟ ਬੈਲਟ ਇਲੈਕਟ੍ਰਾਨਿਕ ਤਰੀਕੇ ਨਾਲ ਪ੍ਰਾਪਤ ਕਰਨ ਦੇ ਵਿਕਲਪ ਸ਼ਾਮਲ ਹੋਣਗੇ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹੋਣਗੇ। ਵਰਕਸ਼ਾਪ ਬਾਰੇ ਜਾਣਕਾਰੀ ਮੀਟਿੰਗ ਦੀ ਮਿਤੀ ਤੋਂ ਘੱਟੋ-ਘੱਟ 10 ਦਿਨ ਪਹਿਲਾਂ ਘੋਸ਼ਿਤ ਕੀਤੀ ਜਾਵੇਗੀ।

# ਭਾਗ 2 - ਸੁਰੱਖਿਆ ਅਤੇ ਸੰਕਟਕਾਲੀਨ ਯੋਜਨਾਵਾਂ

**ਸੁਰੱਖਿਆ ਅਤੇ ਸੰਕਟਕਾਲੀਨ ਯੋਜਨਾਵਾਂ**
EC §4005(a)(10)(I)(vi)(VIII)

**ਵੋਟ ਪਾਉਣ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ**
EC §4005(a)(10)(I)(iv)

ਮਰਸਡ ਕਾਉਂਟੀ ਦਾ ਚੋਣ ਦਫਤਰ ਹੇਠਾਂ ਦਿੱਤੇ ਤਰੀਕਿਆਂ ਅਤੇ ਮਾਪਦੰਡਾਂ ਦੀ ਵਰਤੋਂ ਕਰਦੇ ਹੋਏ ਵੋਟਿੰਗ ਸਹਾਇਤਾ ਕੇਂਦਰਾਂ 'ਤੇ ਕੀਤੀ ਗਈ ਵੋਟਿੰਗ ਦੀ ਸੁਰੱਖਿਆ ਨੂੰ ਯਕੀਨੀ ਬਣਾਏਗਾ:

- ਸਾਰਾ VAC ਸਟਾਫ਼ ਯੋਗ ਵੋਟਰਾਂ ਦੀ ਹਰ ਸੰਭਵ ਸਹਾਇਤਾ ਕਰਨ ਲਈ ਚੰਗੀ ਤਰ੍ਹਾਂ ਸਿਖਿਅਤ ਅਤੇ ਤਿਆਰ ਹੋਵੇਗਾ।
- VAC ਸਟਾਫ਼ ਕੋਲ ਪਹਿਲਾਂ ਵਰਤੀ ਗਈ ਉਸੇ ਚੋਣ ਪ੍ਰਬੰਧਨ ਪ੍ਰਣਾਲੀ (Election Management System, EMS) ਤਕ ਪਹੁੰਚ ਹੋਵੇਗੀ ਅਤੇ ਉਹ ਇਹ ਨਿਰਧਾਰਤ ਕਰ ਸਕਣਗੇ ਕਿ ਕੀ ਕੋਈ ਵੋਟਰ ਸਹੀ ਤਰ੍ਹਾਂ ਰਜਿਸਟਰ ਹੋਇਆ ਹੈ, ਕੀ ਵੋਟਰ ਨੂੰ ਕੋਈ ਬੈਲਟ ਪ੍ਰਾਪਤ ਹੋਇਆ ਹੈ, ਕੀ ਵੋਟਰ ਨੇ ਬੈਲਟ ਵਾਪਸ ਕੀਤਾ ਹੈ, ਅਤੇ ਵੋਟਰ ਨੂੰ ਕਿਸ ਕਿਸਮ ਦਾ ਬੈਲਟ ਜਾਰੀ ਕਰਨਾ ਹੈ ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰੇਕ ਯੋਗ ਵੋਟਰ ਹਰੇਕ ਚੋਣ ਵਿੱਚ ਉਹ ਬੈਲਟ ਪਾਏ ਜਿਸਦੇ ਲਈ ਉਹ ਯੋਗ ਹੈ।
- ਇਸ ਤੋਂ ਇਲਾਵਾ, ਚੋਣ ਪ੍ਰਬੰਧਨ ਪ੍ਰਣਾਲੀ ਨਾਲ ਜੁੜੇ ਸਾਰੇ ਲੈਪਟਾਪ ਕੈਲੀਫੋਰਨੀਆ ਦੇ ਸੈਕ੍ਰੇਟਰੀ ਔਫ਼ ਸਟੇਟ ਦੁਆਰਾ ਪ੍ਰਬੰਧਿਤ ਅਧਿਕਾਰਤ ਰਾਜ ਵਿਆਪੀ ਵੋਟਰ ਰਜਿਸਟ੍ਰੇਸ਼ਨ ਡਾਟਾਬੇਸ, VoteCal ਨਾਲ ਜੁੜੇ ਹੋਣਗੇ। VoteCal ਰਾਜ ਭਰ ਦੇ ਵੋਟਰਾਂ ਨੂੰ ਟਰੈਕ ਕਰੇਗਾ ਅਤੇ ਜੇ ਕੋਈ ਵੋਟਰ ਕਿਸੇ ਹੋਰ ਕਾਉਂਟੀ ਵਿੱਚ ਸਰਗਰਮੀ ਨਾਲ ਰਜਿਸਟਰਡ ਹੈ ਅਤੇ ਜੇ ਕਿਸੇ ਵੋਟਰ ਨੇ ਕਿਸੇ ਹੋਰ ਕਾਉਂਟੀ ਵਿੱਚ ਇੱਕ ਬੈਲਟ ਪ੍ਰਾਪਤ ਕੀਤਾ ਹੈ ਅਤੇ/ਜਾਂ ਵਾਪਸ ਕੀਤਾ ਹੈ ਤਾਂ ਵੋਟਿੰਗ ਸਹਾਇਤਾ ਕੇਂਦਰ ਦੇ ਸਟਾਫ਼ ਨੂੰ ਸੂਚਿਤ ਕਰੇਗਾ।
- ਕੋਈ ਵੀ ਅਤੇ ਸਾਰਾ ਉਪਕਰਣ ਜੋ ਚੋਣ ਪ੍ਰਬੰਧਨ ਪ੍ਰਣਾਲੀ ਦੇ ਸਰਵਰ ਨਾਲ ਜੁੜਿਆ ਹੋਵੇਗਾ, ਮਰਸੀਡ ਕਾਉਂਟੀ ਇਨਫੋਰਮੇਸ਼ਨ ਸਰਵਿਸਿਜ਼ ਸਟਾਫ਼ ਦੀ ਸਹਾਇਤਾ ਨਾਲ ਸਾਰੇ ਸੁਰੱਖਿਆ ਉਪਾਵਾਂ ਅਤੇ ਵਿਨਿਯਮਾਂ (EC§20158) ਦੀ ਪੂਰੀ ਤਰ੍ਹਾਂ ਪਾਲਣਾ ਕਰੇਗਾ।
- ਹਰੇਕ ਵੋਟਿੰਗ ਸਹਾਇਤਾ ਕੇਂਦਰ ਕੋਲ ਉਪਕਰਣ, ਸਾਧਨ ਅਤੇ ਰਣਨੀਤਿਕ ਤੌਰ 'ਤੇ ਸਥਿਤ ਕੀਤੇ ਗਏ ਚਿੰਨ੍ਹ ਹੋਣਗੇ ਜੋ ਇਹ ਪੱਕਾ ਕਰਨਗੇ ਕਿ ਹਰੇਕ ਵੋਟਰ ਨੂੰ ਨਿੱਜੀ ਅਤੇ ਸੁਤੰਤਰ ਵੋਟ ਪਾਉਣ ਦਾ ਮੌਕਾ ਮਿਲੇ।
- ਐਕਸਪ੍ਰੈਸਵੋਟ ਬੈਲਟ 'ਤੇ ਨਿਸ਼ਾਨ ਲਗਾਉਣ ਵਾਲਾ ਡਿਵਾਈਸ ਅਤੇ DS200 ਪ੍ਰੀਸਿੰਕਟ ਟੈਬੂਲੇਟਰ ਕਿਸੇ ਵੀ ਨੈਟਵਰਕ ਨਾਲ ਕਨੈਕਟ ਨਹੀਂ ਹੋਣਗੇ। ਜਦੋਂ ਵੋਟਿੰਗ ਸਹਾਇਤਾ ਸੈਂਟਰ ਖੁੱਲ੍ਹੇ ਨਹੀਂ ਹੋਣਗੇ ਤਾਂ ਸਾਰੇ ਉਪਕਰਣਾਂ ਨੂੰ ਅਧਿਕਾਰਤ ਚੋਣ ਸੀਲਾਂ ਨਾਲ ਸੀਲ ਕਰ ਦਿੱਤਾ ਜਾਵੇਗਾ ਅਤੇ ਸ਼ਟਡਾਊਨ ਕਰਕੇ ਤਾਲਾਬੰਦ ਕਰ ਦਿੱਤਾ ਜਾਵੇਗਾ।
- ਕਾਗਜ਼ੀ ਬੈਲਟਾਂ, ਵੋਟਿੰਗ ਉਪਕਰਣਾਂ 'ਤੇ ਜਮ੍ਹਾਂ ਕੀਤੇ ਬੈਲਟਾਂ, ਸ਼ਰਤਬੱਧ ਵੋਟਰ ਰਜਿਸਟ੍ਰੇਸ਼ਨ (Conditional Voter Registration, CVR), ਆਰਜ਼ੀ ਬੈਲਟਾਂ ਅਤੇ ਡਾਕ ਰਾਹੀਂ ਵੋਟ ਬੈਲਟਾਂ ਸਮੇਤ, ਰਿਕਾਰਡ ਕੀਤੇ ਕਿਸੇ ਵੀ ਅਤੇ ਸਾਰੇ ਬੈਲਟਾਂ ਨੂੰ ਰੋਜ਼ਾਨਾ ਵੋਟਿੰਗ ਸਹਾਇਤਾ ਕੇਂਦਰ ਦੇ ਬੰਦ ਹੋਣ ਦੇ ਬਾਅਦ ਮਰਸੀਡ ਕਾਉਂਟੀ ਚੋਣ ਪ੍ਰਕਿਰਿਆ ਕੇਂਦਰ ਵਿਖੇ ਲਿਜਾਇਆ ਜਾਵੇਗਾ।

**ਰੋਕਥਾਮ ਉਪਾਅ ਅਤੇ ਸੰਭਾਵੀ ਰੁਕਾਵਟਾਂ**

EC §4005(a)(10)(I)(vi)(VIII)(ia), EC §4005(a)(10)(I)(vi)(VIII)(ib)

ਸਾਰੇ ਚੋਣ ਅਤੇ ਵੋਟਿੰਗ ਸਹਾਇਤਾ ਕੇਂਦਰ ਦੇ ਸਟਾਫ਼ ਨੂੰ ਵੋਟਿੰਗ ਸਹਾਇਤਾ ਕੇਂਦਰਾਂ ਵਿਖੇ ਸੰਭਾਵੀ ਰੁਕਾਵਟਾਂ ਲਈ ਚੰਗੀ ਤਰ੍ਹਾਂ ਸਿਖਲਾਈ ਦਿੱਤੀ ਜਾਏਗੀ ਤਿਆਰ ਕੀਤਾ ਜਾਵੇਗਾ। ਮਰਸੀਡ ਕਾਉਂਟੀ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਕੋਲ ਡਿਊਟੀ 'ਤੇ ਤਜਰਬੇਕਾਰ ਸਟਾਫ਼ ਹੋਵੇਗਾ ਜੋ ਲੋੜੀਂਦਾ ਬਦਲਵੀਆਂ ਸਮੱਗਰੀਆਂ ਅਤੇ ਉਪਕਰਣਾਂ ਦੀ ਵੰਡ ਕਰ ਸਕੇਗਾ। ਇਸ ਤੋਂ ਇਲਾਵਾ, ਸਟਾਫ਼ ਸਮੱਸਿਆ ਦਾ ਨਿਪਟਾਰਾ ਕਰਨ ਦੇ ਸਮਰੱਥ ਹੋਵੇਗਾ। ਸਾਰੇ ਵੋਟਿੰਗ ਸਹਾਇਤਾ ਕੇਂਦਰਾਂ ਕੋਲ ਲੋੜ ਪੈਣ 'ਤੇ ਮਰਸੀਡ ਕਾਉਂਟੀ ਵੋਟਰਾਂ ਦੇ ਰਜਿਸਟਰਾਰ ਨਾਲ ਜਲਦੀ ਨਾਲ ਸੰਪਰਕ ਕਰਨ ਲਈ ਸੈਲ ਫੋਨ ਹੋਣਗੇ।

# ਐਗਜ਼ਿਬਿਟ A

## ਵੋਟਿੰਗ ਸਹਾਇਤਾ ਕੇਂਦਰ (VAC) ਦੇ ਸਥਾਨ

**ਵੋਟਿੰਗ ਸਹਾਇਤਾ ਕੇਂਦਰ**
ਹੇਠਾਂ ਦਿੱਤੇ ਸਥਾਨ ਜਲਦੀ ਵੋਟ ਪਾਉਣ ਲਈ ਚੋਣਾਂ ਤੋਂ ਦਸ (10) ਦਿਨ ਪਹਿਲਾਂ ਅਤੇ ਚੋਣ ਵਾਲੇ ਦਿਨ ਖੁੱਲ੍ਹੇ ਹੋਣਗੇ:

Livingston Veteran's Memorial Building
1605 Seventh Street
Livingston, CA 95334

Los Banos Community Center
645 7th Street
Los Banos, CA 93635

ਹੇਠਾਂ ਦਿੱਤੇ ਸਥਾਨ ਜਲਦੀ ਵੋਟ ਪਾਉਣ ਲਈ ਚੋਣਾਂ ਤੋਂ ਤਿੰਨ (3) ਦਿਨ ਪਹਿਲਾਂ ਅਤੇ ਚੋਣ ਵਾਲੇ ਦਿਨ ਖੁੱਲ੍ਹੇ ਹੋਣਗੇ:

Al Goman Community Center
745 Linden Avenue
Gustine, CA 95322

Atwater Community Center
760 E. Bellevue Road
Atwater, CA 95301

College Greens Park Scripps Building
1815 Scripps Drive
Los Banos, CA 93635

Del Hale Hall
931 Center Street
Dos Palos, CA 93620

Delhi Veterans Memorial Building
9799 Stephens Street
Delhi, CA 95315

Department of Child Support Services
3368 N. Highway 59, Suite I
Merced, CA 95348

Hilmar Grange
8188 Lander Avenue
Hilmar, CA 95324

Planada Community Center

9167 Stanford Avenue
Planada, CA 95365

Snelling Community Recreation Building
3351 E. Merced Falls Road
Snelling, CA 95369

Winton Community Hall
7091 W. Walnut Avenue
Winton, CA 95388

# ਐਗਜ਼ਿਬਿਟ B

## ਡ੍ਰੌਪ-ਬੌਕਸ ਦੀਆਂ ਥਾਂਵਾਂ ਅਤੇ ਘੰਟੇ

ਤੁਸੀਂ ਨਿਯਮਿਤ ਕਾਰੋਬਾਰੀ ਘੰਟਿਆਂ ਦੌਰਾਨ ਚੋਣ ਦਿਵਸ ਤੋਂ ਪਹਿਲਾਂ ਅਤੇ ਇਸ ਤੋਂ ਪਹਿਲਾਂ 28 ਦਿਨਾਂ ਤੋਂ ਸ਼ੁਰੂ ਹੋਣ ਵਾਲੇ ਕਿਸੇ ਵੀ ਹੇਠਾਂ ਦਿੱਤੇ ਸਥਾਨਾਂ ਤੇ ਆਪਣਾ VBM ਛੱਡ ਸਕਦੇ ਹੋ:

| | | |
|---|---|---|
| ਸਿਟੀ ਔਫ਼ ਅਟਵਾਟਰ | 650 Bellevue Road | Atwater, CA 95301 |
| ਸਿਟੀ ਔਫ਼ ਡੋ ਪਲੋਸ | 2174 Blossom Street | Dos Palos, CA 93620 |
| ਸਿਟੀ ਔਫ਼ ਗੈਸਟੀਨ | 352 Fifth Street | Gustine, CA 95322 |
| ਸਿਟੀ ਔਫ਼ ਲਿਵਿੰਗਸਟਨ | 1416 C Street | Livingston, CA 95334 |
| ਸਿਟੀ ਔਫ਼ ਲੈਸ ਬੈਨੋਸ | 520 J Street | Los Banos, CA 93635 |
| ਸਿਟੀ ਔਫ਼ ਮਰਸੀਡ | 678 West 18th Street | Merced, CA 95340 |
| Merced County Administration Building | 2222 M Street | Merced, CA 95340 |

ਚੋਣ ਵਾਲੇ ਦਿਨ ਤੋਂ 28 ਦਿਨ ਪਹਿਲਾਂ ਅਤੇ ਚੋਣ ਵਾਲੇ ਦਿਨ ਹੇਠਾਂ ਦਿੱਤੇ ਸਥਾਨਾਂ 'ਤੇ ਬਾਹਰੀ ਡ੍ਰੌਪ ਬਾਕਸ ਉਪਲਬਧ ਹੋਣਗੇ:

| | | |
|---|---|---|
| Merced County Administration Building | 2222 M Street | Merced, CA 95340 |
| Merced County Administration Building | 2222 M Street | Merced, CA 95340 |